# MILKFOOD LIMITED

5th Floor, 91, Bhandari House, Nehru Place, New Delhi-110 019
Ph.: 26460670-4 / 26463773 Fax : 011-26460823
E-mail : milkfoodltd@milkfoodltd.com, Website : www.milkfoodltd.com
CIN : L15201PB1973PLC003746 GST : 07AAACM5913B1ZY

04th February, 2023

MFL\SCY\2022 - 23
The Manager (Listing)
The BSE Limited
1st Floor, New Trading Ring,
Rotunda Building
P J Towers, Dalal Street,
Fort, Mumbai-400 001

**Sub: Newspaper Publication of Unaudited Standalone and Consolidated Financial Results for the quarter and period ended December 31, 2022**
**Scrip Code No.: 507621**

Dear Sir/Madam,

Pursuant to the Regulation 30 & 47 of SEBI (Listing Obligations and Disclosure Requirements), Regulations 2015 ("the Regulations"), please find enclosed herewith copy of the Unaudited Standalone and Consolidated Financial Results for the quarter and period ended December 31, 2022 as approved by the Board of Directors in their meeting held on 03rd February, 2023, published by the Company in the newspapers on 04th February, 2023.

You are requested to take the same on your records.

Thanking you,
For Milkfood Limited

Rakesh Kumar Thakur
Company Secretary

Encl: As above

milkfood

Regd. Office : P.O. Bahadurgarh-147021 Distt. Patiala (Punjab)
Phones : 0175-2381404 / 2381415
Fax : 0175-2380248



*This first budget of the 'Amrit Kaal' is one on the idea of a developed India. It is an inclusive budget, that includes all the sections of society...*

**YOGI ADITYANATH**
UTTAR PRADESH CHIEF MINISTER



## THUMBNAILS

**Mann directs officers to accelerate 3-pronged strategy for making Punjab drug free :** Two days after Punjab Governor Banwari Lal Purohit said drugs were "available like grocery items" at general stores in the state, Chief Minister Bhagwant Mann on Friday directed officers to accelerate a three pronged strategy of 'enforcement, de-addiction and prevention` for making Punjab a drug free state. SNS

**DGP orders tracking down of terrorists involved in killing of civilians:** Director General of Police, Dilbag Singh on Friday visited the border District Rajouri where he reviewed the security scenario. The DGP directed for increasing anti terror operations to track down the terrorists who in targeted killing gunned down seven persons in the Dhangri village of Rajouri. The terrorists are still hiding and the DGP directed to also track their modules. SNS

**Khattar announces reservation in promotion for SC employees:** Haryana Chief Minister Manohar Lal Khattar on Friday announced reservation in promotion for scheduled caste (SC) employees of the state government. Participating in the state-level function organised at Narwana in district Jind on the occasion of the 646th birth anniversary of Guru Ravidas, the CM said for reservation in promotion to SC employees, quota will be fixed within three months after identifying all the cadres. SNS

# Govt clears air on Budget 'cut' for MGNREGA

**STATESMAN NEWS SERVICE**
NEW DELHI, 3 FEBRUARY



The Government on Friday clarified that the Union Budget 2023-24 has not lowered allocation for the Mahatma Gandhi National Rural Employment Guarantee Act (MGNREGA) scheme. MGNREGA is a demand-driven scheme and any household demanding employment under it shall be provided at least 100 days of unskilled manual work in a financial year, in accordance with the Scheme.

A clarification by the Ministry of Rural Development referred to media reports which expressed concern over the Budget allocation of Rs 60,000 crore for the MGNREGA scheme for the next financial year, which is 18 per cent lower than the Rs 73,000 crore budget estimates of last financial year, 2022-23.

The reports expressed fear that this may affect the rural job employment scheme MGNREGA to achieve its objective of providing wage employment against the demand from the rural households. "This is far from truth," the clarificaion said.

The scheme being demand-driven, "whenever additional fund is required, Ministry of Finance is requested to provide the funds. Government of India is committed to release funds for wage and material payments for proper implementation of the scheme, as per the provisions of the act and guidelines applicable for Central Government as well as State Governments," the clarification said.

During the current FY 2022-23, a total of 99.81 per cent rural households have been offered wage employment against their demand for work. If an applicant for employment under the Scheme is not provided such employment within 15 days of receipt, he shall be entitled to a daily unemployment allowance.

In the FY 2019-20 budget estimate (BE) was Rs 60,000 crore which got revised to Rs 71,001 crore; for the FY 2020-21 BE was Rs 61,500 crore which increased at revised estimate (RE) to Rs 1,11,500 crore and for the FY 2021-22 the BE of Rs 73,000 crore has been revised to Rs 98,000 crore. "Therefore, it can be seen that the actual releases to the States have been much higher than that provided for at the BE level. Even during the current financial year 2022-23, the BE has been Rs 73,000 crore, which has been revised to Rs 89,400 crore. From the perusal of the above, it is inferred that previous release has no bearing on the requirement for funds for next year," the clarification said.

## Finance Minister briefs BJP lawmakers on Budget, prior to party's outreach programme

**SNS & AGENCIES**
NEW DELHI, 3 FEBRUARY



Union Finance Minister Nirmala Sitharaman on Friday arrived in the Parliament to brief the Members of Parliaments (MPs) of the Bharatiya Janata Party (BJP) on the Union Budget 2023-24 presented in the Parliament earlier this week.

All Lok Sabha and Rajya Sabha MPs of the party are expected to be present in the meeting, being held ahead of today's Parliament Session. Visuals from Parliament said Union Ministers Piyush Goyal, Kiren Rijiju, Dharmendra Pradhan, V Muraleedharan and BJP MPs Sukanta Majumdar and Sushil Modi were seen arriving for the meeting.

The Budget, which in all likelihood is the last for the BJP-led NDA government before the general elections next year, was presented by Sitharaman on Wednesday, unveiling one of its biggest jumps in capital spending in the past decade with the Union Minister stating that the fiscal deficit would fall next year.

This marked the fifth budget presented by Sitharaman.

During her nearly one-and-a-half-hour-long speech, the Finance Minister announced that the government proposes to increase capital expenditure outlay by 33 per cent to Rs 10 lakh crore in 2023-24, which would be 3.3 per cent of the GDP.

The Budget Session of the Parliament began on Tuesday with the President's address, which was followed by the tabling of the Economic Survey for 2022-23.

The formal exercise to prepare the annual Budget for 2023-24 commenced on October 10, last year.

As per the sources, the BJP is scheduled to launch a mega-budget Reach Out on February 4 and 5 across India to bring to the fore what the budget means for each and every citizen, cutting across age, caste, creed and profession.

During the programme, all the Union ministers will travel across the country for this budget and will hold a press conference on the budget besides interacting with the people across all strata, including prominent citizens and intellectuals.

As per the sources, Information and Broadcasting Minister Anurag Thakur would go to Jammu, while Tourism Minister G Kishen Reddy would head to Kochi. Meanwhile, Union Minister of State for Entrepreneurship, Skill Development, Electronics & Technology Rajeev B Chandrashekar will go to Coimbatore and Union Minister of State for Parliamentary Affairs and Culture Arjun Ram Meghwal will travel to Raipur, Union Jal Shakti Minister Gajendra Singh Shekhawat will travel to Bhopal whereas Commerce Minister Piyush Goyal will go to Bengaluru. The programmes for other ministers are also being firmed up.

## Ensure no hate speech is made if it permits rally in Mumbai, SC tells Maharashtra govt

**STATESMAN NEWS SERVICE**
NEW DELHI, 3 FEBRUARY

The Supreme Court on Friday directed the Maharashtra government to videograph the proposed Hindu Jan Akrosh event to be held in Mumbai on February 5 by Sakal Hindu Samaj and sought a copy of the recording.

A bench of Justice K M Joseph and Justice JB Pardiwala also directed the Maharashtra government to ensure that no hate speeches are made at the proposed event.

The apex court direction to Maharashtra government came on a petition by one Shaheen Abdullah, alleging that the organisation conducting the event had indulged in hate speech against the Muslims at an earlier event in Dadar, Mumbai, on January 29.

The bench also asked the state government to get instructions on the action that has been taken with regard to the earlier event on January 29 where inflammatory speeches were made by Telangana's BJP MLA T Raja Singh.

It also took on record Solicitor General Tushar Mehta's statement that any permission to be granted to the said event will be subject to the condition that no hate speech is made defying any law or disturbing public order. He said permission to hold the meeting in question has not been granted yet.

Justice Pardiwala said, "We may be reluctant to grant a relief that this procession is not held. But it should be ensured that during this rally no rash statements are made and steps are taken and vigil is kept."

Justice Joseph said, "See what happened in Uttarakhand and then the State took action. If there is a replica of what happened then we cannot allow this. Please read what is written." Urging the court not to grant any interim relief sought by the petitioner, Solicitor General said, "tating, "Your lordships would be pre-judging if you say this. This forum is being misused. We are also not expressing many things." He assured the court that a statement will be filed as to what had transpired at the event on January 29.

## Vice president inaugurates 36th Surajkund Int'l Handicrafts Mela

**STATESMAN NEWS SERVICE**
CHANDIGARH, 3 FEBRUARY

The Vice President, Jagdeep Dhankhar, on Friday formally inaugurated the 36th International Surajkund Mela at Faridabad.

India has become the fastest-growing country in the world in terms of the global economy; in which art and craftsmen have made significant contributions, he said in his address.

"Earlier our country was in 10th place in the world in terms of economic progress, whereas under the leadership of Prime Minister, Narendra Modi, it has now jumped to 5th place and I am hopeful that India will soon be at the first position," said Dhankhar.

The Vice-President said for the first time in the country, every person is getting an opportunity to showcase their talent. Praising the Surajkund Mela being organized by Manohar Lal-led state government, he said that this fair has an important contribution to making India shine bright on the world map.

Describing the Surajkund Mela as a confluence of diverse cultures and arts of the country, the Vice President said that the participation of Shanghai Cooperation Organization countries in this Mela is a historic moment.

Terming the cultural importance of the North-Eastern states of India as glorious for the country, he said that the talented artists and craftsmen of these states who have reached this Mela have become a live example that under the able dynamic leadership of Prime Minister Modi, India has been swiftly moving on the development track.

## *HP transport dept becomes first to switch over to EVs*

**STATESMAN NEWS SERVICE**
SHIMLA, 3 FEBRUARY

Adopting the 'Go Green' approach, the Himachal Pradesh State Transport Department has achieved the distinction of becoming the first such department in the country to switch over to electrical vehicles.

The directorate of the transport has replaced the official petrol and diesel vehicles with electrical.

Chief Minister, Thakur Sukhvinder Singh Sukhu on Friday, while congratulating the State Transport department said that Himachal Pradesh taken a lead in switching over to electrical vehicles and notify its policy, whereas some states of the country are in final stage for implementing the same.

The motive to start these e-vehicles was to curtail the unnecessary expenditure on petroleum products besides preserving the pristine environment of the state.

All the Government departments will be equipped with electrical vehicles within a year, stated the Chief Minister, adding that Electric Vehicle Policy 2022 has also been notified.

"We will completely transform the existing diesel buses with e-buses in a phased manner," said the Chief Minister, adding that the local bus depot of Shimla will soon have full fleet e-buses.

An electric Bus depot will also be opened in Nadaun as well and the e-buses will soon run on all the local routes in Shimla, said he, adding that 300 e-buses will be added to the fleet of HRTC for which an outlay of Rs 400 crore has been sanctioned. In coming two years a target of 60 percent e-buses will be added to the fleet of HRTC, he added."We working in the direction to make Himachal as India's first 'Green Energy State' by 2025.

## MILKFOOD LIMITED

milkfood

CIN: L15201PB1973PLC003746
Registered Office: P.O. Bahadurgarh -147021; Distt.: Patiala (Punjab); Tel: 0175-2381404; Fax: 0175-2380248
E-mail: milkfoodltd@milkfoodltd.com; Website: www.milkfoodltd.com

**UNAUDITED STANDALONE AND CONSOLIDATED FINANCIAL RESULTS FOR THE QUARTER AND NINE MONTHS ENDED 31ST DECEMBER, 2022**

Rs. In Lacs)

| Sl. No. | Particulars | STANDALONE | | | | | | CONSOLIDATED | | | | | |
|---|---|---|---|---|---|---|---|---|---|---|---|---|---|
| | | Quarter Ended | | | Nine Months Ended | | Year Ended | Quarter Ended | | | Nine Months Ended | | Year Ended |
| | | 31.12.2022 | 30.09.2022 | 31.12.2021 | 31.12.2022 | 31.12.2021 | 31.03.2022 | 31.12.2022 | 30.09.2022 | 31.12.2021 | 31.12.2022 | 31.12.2021 | 31.03.2022 |
| | | (Unaudited) | (Unaudited) | (Unaudited) | (Unaudited) | (Unaudited) | (Audited) | (Unaudited) | (Unaudited) | (Unaudited) | (Unaudited) | (Unaudited) | (Audited) |
| | | 1 | 2 | 3 | 4 | 5 | 6 | 1 | 2 | 3 | 4 | 5 | 6 |
| 1 | **Income from operations** | | | | | | | | | | | | |
| | (a) Revenue from operations | 15,040 | 10,340 | 9,048 | 33,395 | 22,319 | 31,620 | 15,040 | 10,340 | 9,048 | 33,395 | 22,319 | 31,620 |
| | (b) Other income | 37 | 324 | 26 | 369 | 318 | 315 | 37 | 324 | 26 | 369 | 318 | 315 |
| | **Total income** | **15,077** | **10,664** | **9,074** | **33,764** | **22,637** | **31,935** | **15,077** | **10,664** | **9,074** | **33,764** | **22,637** | **31,935** |
| 2 | **Expenses** | | | | | | | | | | | | |
| | (a) Cost of materials consumed | 14,428 | 8,106 | 7,660 | 30,265 | 17,311 | 24,429 | 14,428 | 8,106 | 7,660 | 30,265 | 17,311 | 24,429 |
| | (b) Changes in inventories of finished goods, work-in-progress and stock-in-trade | (2,036) | 551 | (169) | (2,239) | 1,167 | 1,444 | (2,036) | 551 | (169) | (2,239) | 1,167 | 1,444 |
| | (c) Employee benefits expense | 813 | 536 | 571 | 1,914 | 1,640 | 2,273 | 813 | 536 | 571 | 1,914 | 1,640 | 2,273 |
| | (d) Finance cost | 265 | 208 | 189 | 648 | 561 | 732 | 265 | 208 | 189 | 648 | 561 | 732 |
| | (e) Depreciation and amortisation expense | 168 | 154 | 150 | 471 | 477 | 654 | 168 | 154 | 150 | 471 | 477 | 654 |
| | (f) Other expenses | 1,053 | 473 | 586 | 1,927 | 1,307 | 2,172 | 1,053 | 473 | 586 | 1,927 | 1,307 | 2,172 |
| | **Total expenses** | **14,691** | **10,028** | **8,987** | **32,986** | **22,463** | **31,704** | **14,691** | **10,028** | **8,987** | **32,986** | **22,463** | **31,704** |
| 3 | **Profit before Taxes (1-2)** | **386** | **636** | **87** | **778** | **174** | **231** | **386** | **636** | **87** | **778** | **174** | **231** |
| 4 | Tax expense | | | | | | | | | | | | |
| | a) Current Tax | 94 | 67 | 17 | 161 | 39 | 52 | 94 | 67 | 17 | 161 | 39 | 52 |
| | b) Adjustment of tax related to earlier period | - | 6 | - | 6 | - | 11 | - | 6 | - | 6 | - | 11 |
| | c) MAT credit recognition | 4 | (67) | (17) | (63) | (39) | (60) | 4 | (67) | (17) | (63) | (39) | (60) |
| | d) Deferred Tax Charges / ( credit ) | (39) | 137 | - | 38 | - | (121) | (39) | 137 | - | 38 | - | (121) |
| | **Total tax expenses** | 59 | 143 | - | 142 | - | (118) | 59 | 143 | - | 142 | - | (118) |
| 5 | **Net Profit / (Loss) after tax (3 ± 4)** | **327** | **493** | **87** | **636** | **174** | **349** | **327** | **493** | **87** | **636** | **174** | **349** |
| 6 | Other Comprehensive Income / ( Loss) | | | | | | | | | | | | |
| | Items that will not be reclassified to profit or (loss) | **(7)** | **(9)** | **(1)** | **(58)** | **(4)** | **15** | **(7)** | **(9)** | **(1)** | **(58)** | **(4)** | **15** |
| 7 | **Net Profit / (Loss) for the period (5 ± 6)** | **320** | **484** | **86** | **578** | **170** | **364** | **320** | **484** | **86** | **578** | **170** | **364** |
| 8 | Paid-up Equity Share Capital ( Face Value of the Share is Rs. 10/- each) | 489 | 489 | 489 | 489 | 489 | 489 | 489 | 489 | 489 | 489 | 489 | 489 |
| 9 | Other Equity | | | | | | 11,779 | | | | | | **11,777** |
| 10 | **Earnings per share (of Rs. 10/- each) (not annualised):** | | | | | | | | | | | | |
| | (a) Basic | 6.69 | 10.08 | 1.78 | 13.02 | 3.56 | 7.11 | 6.69 | 10.08 | 1.78 | 13.02 | 3.56 | 7.11 |
| | (b) Diluted | 6.37 | 10.08 | 1.78 | 12.40 | 3.56 | 7.11 | 6.37 | 10.08 | 1.78 | 12.40 | 3.56 | 7.11 |

**NOTES:**

1. The unaudited standalone and consolidated financial results of the group have been reviewed by the Audit Committee and approved by the Board of Directors at their respective meetings held on February 03, 2023. The statutory auditors have carried out limited review under regulation 33 of the SEBI (Listed Obligations and Disclosure Requirement) Regulation, 2015 and expressed a modified audit opinion on these results .
2. The financial results of the group have been prepared in accordance with Indian Accounting Standards (Ind AS) notified under the Companies (Indian Accounting Standards) Rules, 2015 as amended by the Companies (Indian Accounting Standards) (Amendment) Rules, 2016.
3. The group is operating under a single segment i.e., "Dairy Products - comprising Ghee, Milk Powder, Casein & Whey Powder "and therefore there are no reportable segments as per IND AS-108 "Operating Segment".
4. Contingent Liabilities - Claims against the group not acknowledged as debts - Rs. 78 Lacs.
5. Period from April to September are summer months and lean period, for the other six months the group is processing milk of milk federations. Therefore no impairment is required as the production policy is consistent with the industry norms.
6. Pursuant to the approval of the Board of Directors of the group in their meeting(s) held on 04.07.2022 and consequent approval of the shareholders of the group in the 49th Annual General Meeting held on 28.09.2022 the Nomination and Remuneration Committee of the Board of Directors of the group, has granted options numbering 2,44,000 (Fair value Rs 506 Lakhs) as Stock Incentive Plan on 21.10.2022 to the Eligible Employees of the group under the "Milkfood Ltd Stock Incentive Plan 2022" complying the Companies Act read with Securities and exchange Board of India (share based employee benefits and sweat equity regulations) 2021. The vesting period is till 21.10.2023. IND AS 102 " Share Based Payments" stipulates a charge of Rs 126.54 Lakhs for the quarter against which the group has debited the amount of Rs 253.09 Lakhs in employee benefits expense with a corresponding credit to ESOP Reserve during the quarter ended 31.12.2022. Therefore, the profits to that extent are understated by the charge in the profit and loss account. The group has also decided to debit the balance Rs 253.08 Lakhs in the next quarter ending on 31.03.2023.
7. Goods and Service Tax Department has generally verified the transaction of the dealers vis input tax credit. In this regard, they have also carried out the verification of ITC of our Four Dealers. The group has been cooperating in the investigating proceedings and has partially deposited a sum of Rs 16.27 Crores as Tax voluntarily deposited under protest. The amount paid to the department under protest is shown as GST recoverable in the financials of the group. group has received a show cause notice from Moradabad Range in this regard for Rs. 25 Crores and has filed its reply & order is expected after the personal hearing. Legally, the group has been advised of its success as the entire payment to the dealers is made through banking channels for purchases which has been duly confirmed by bank. Group has not received any notice of demand from the department after the reply.
8. The Board of Directors (in the meeting held on 19.11.2022) declared an interim dividend of ₹ 2.50/- per equity share. The record date for the payment was 30.11.2022 and Rs 104.08 Lacs (net of TDS) has been paid The interim dividend declared in the previous year was ₹ NIL per equity share.

(in Rs

| Particulars | Quarter ended December 31, 2022 | Quarter ended September 30, 2022 | Quarter ended December 31, 2021 | Nine months ended December 31, 2022 | Nine months ended December 31, 2021 | Year ended 31st March, 2022 |
|---|---|---|---|---|---|---|
| **Dividend per share (par value Rs.10/- each) Interim dividend** | **2.50** | - | - | **2.50** | - | - |

9. **Previous period figures have been recast/regrouped/reclassified wherever necessary to make them comparable with those of current period.**

**For and on behalf of Board of Directors Milkfood Limited**
**sd/-**
**(Sudhir Avasthi)**
**Managing Director**
**DIN:00152375**

**Place : New Delhi**
**Date : 3rd February, 2023**

# ਖੇਤੀ ਸਿਆਣੀ, ਜੇ ਬਣੇ ਸਮੇਂ ਦੀ ਹਾਣੀ

**ਗੁਰਜਿੰਦਰ ਸਿੰਘ ਰੋਮਾਣਾ ਅਤੇ ਰਾਜ ਕੁਮਾਰ ***



ਮੌਜੂਦਾ ਖੇਤੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਇੱਕ ਬਹੁ-ਪੱਖੀ ਪਹੁੰਚ ਦੀ ਜ਼ਰੂਰਤ ਹੈ। ਅਜੋਕੇ ਸਮੇਂ ਵਿੱਚ ਜ਼ਿਆਦਾ ਜ਼ੋਰ-ਸ਼ੋਰ ਨਾਲ ਕੀਤੀ ਖੇਤੀ ਜਾਂ ਵਧੇਰੇ ਵਾਰ ਕੀਤੀਆਂ ਵਾਹੀਆਂ ਕੋਈ ਮਤਲਬ ਨਹੀਂ ਰੱਖਦੀਆਂ। ਤਕਨਾਲੋਜੀ ਅਤੇ ਮਸ਼ੀਨੀਕਰਨ ਦੇ ਇਸ ਯੁੱਗ ਵਿੱਚ ਅੱਜ ਜੇ ਬੋਲਬਾਲਾ ਹੈ ਤਾਂ ਸੂਝ ਬੂਝ ਨਾਲ ਕੀਤੀ ਖੇਤੀ ਦਾ ਹੀ ਹੈ। ਪੁਰਾਣੀ ਚੱਲੀ ਆ ਰਹੀ ਰੀਤ ਅਨੁਸਾਰ ਅਸੀਂ ਕਣਕ-ਝੋਨੇ ਦੀ ਕਾਸ਼ਤ ਦੇ ਗੇੜ ਵਿੱਚ ਹੀ ਪਏ ਹੋਏ ਹਾਂ। ਕਿਸਾਨੀ ਉੱਪਰ ਕਰਜ਼ੇ ਦਾ ਬੋਝ, ਪ੍ਰਦੂਸ਼ਿਤ ਹੋ ਰਿਹਾ ਵਾਤਾਵਰਣ, ਥੱਲੇ ਜਾ ਰਿਹਾ ਧਰਤੀ ਹੇਠਲਾ ਪਾਣੀ, ਖੇਤੀ ਵਿੱਚ ਵਧ ਰਹੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਭਰਮਾਰ ਆਦਿ ਅਜਿਹੀਆਂ ਸਮੱਸਿਆਵਾਂ ਹਨ ਜੋ ਇੱਕ ਮਿਆਰੀ ਅਤੇ ਉਸਾਰੂ ਸੋਚ ਨਾਲ ਵਿਉਂਤਬੰਦੀ ਕਰਕੇ ਹੀ ਘਟਾਈਆਂ ਜਾਂ ਹੱਲ ਕੀਤੀਆਂ ਜਾ ਸਕਦੀਆਂ ਹਨ। ਮੌਸਮੀ ਬਦਲਾਅ ਖੇਤੀ ਲਈ ਸਭ ਤੋਂ ਵੱਡਾ ਖਲਨਾਇਕ ਬਣ ਕੇ ਬਹੁੜਿਆ ਹੈ। ਪਿਛਲੇ ਸਾਲਾਂ ਵਿੱਚ ਫ਼ਸਲਾਂ ਜਿਵੇਂ ਕਿ ਬਾਸਮਤੀ, ਨਰਮਾ ਅਤੇ ਗੰਨਾ ਆਦਿ ਦੀਆਂ ਡਿੱਗ ਰਹੀਆਂ ਕੀਮਤਾਂ ਚਿੰਤਾ ਦਾ ਵਿਸ਼ਾ ਹਨ। ਕਿਸਾਨਾਂ ਦੀਆਂ ਲਗਾਤਾਰ ਹੋ ਰਹੀਆਂ ਖ਼ੁਦਕਸ਼ੀਆਂ ਖੇਤੀ ਅਰਥਚਾਰੇ ਦੀ ਲਗਾਤਾਰ ਨਿਘਰ ਰਹੀ ਹਾਲਤ ਦੀ ਮੂੰਹ ਬੋਲਦੀ ਤਸਵੀਰ ਹਨ। ਇਸ ਲਈ ਜ਼ਰੂਰੀ ਹੈ ਕਿ ਖੇਤੀ ਗਿਆਨ ਦੇ ਨਾਲ ਸਾਂਝ ਪਾਈਏ ਅਤੇ ਖੇਤੀ ਨੂੰ ਉਸਾਰੂ ਪਾਸੇ ਵੱਲ ਮੋੜੀਏ।

ਇਸ ਵਕਤ ਪੰਜਾਬ ਦੇ ਕੁੱਲ 41.5 ਲੱਖ ਹੈਕਟੇਅਰ ਵਾਹੀਯੋਗ ਰਕਬੇ ਵਿੱਚ 35.05 ਲੱਖ ਹੈਕਟੇਅਰ ਉੱਪਰ ਕਣਕ ਅਤੇ 28.94 ਲੱਖ ਹੈਕਟੇਅਰ ਉੱਪਰ ਝੋਨਾ ਬੀਜਿਆ ਜਾਂਦਾ ਹੈ। 20 ਕੁਇੰਟਲ ਪ੍ਰਤੀ ਏਕੜ ਕਣਕ ਅਤੇ 29 ਕੁਇੰਟਲ ਪ੍ਰਤੀ ਏਕੜ ਝੋਨੇ ਦੇ ਔਸਤ ਝਾੜ ਨਿਕਲਣ ਦੀ ਹਾਲਤ ਵਿੱਚ ਇਨ੍ਹਾਂ ਦੋਹਾਂ ਫ਼ਸਲਾਂ ਤੋਂ ਅਸਥਾਈ ਖ਼ਰਚੇ ਕੱਢਣ ਤੋਂ ਬਾਅਦ ਲਗਪਗ 45,000 ਰੁਪਏ ਪ੍ਰਤੀ ਏਕੜ ਦੀ ਬੱਚਤ ਹੁੰਦੀ ਹੈ। ਕੁਦਰਤੀ ਕਹਿਰ, ਕੀੜੇ ਜਾਂ ਬਿਮਾਰੀ ਦੇ ਭਿਆਨਕ ਹਮਲੇ ਜਾਂ ਕਿਸੇ ਕਾਰਨ ਕਰਕੇ ਫ਼ਸਲ ਦੀ ਸਾਂਭ-ਸੰਭਾਲ ਵਿੱਚ ਹੋਈ ਅਣਗਹਿਲੀ ਹੀ ਉੱਪਰ ਦੱਸੀ ਵੱਟਤ ਨੂੰ ਖੋਰਾ ਲਾਉਂਦੇ ਹਨ। ਇਸ ਤੋਂ ਇਲਾਵਾ ਇੱਕ ਹੀ ਫ਼ਸਲੀ ਚੱਕਰ ਨਾਲ ਕਈ ਤਰ੍ਹਾਂ ਦੀਆਂ ਖੇਤੀ ਸਮਸਿਆਵਾਂ ਨੇ ਜਨਮ ਲਿਆ ਹੈ, ਖ਼ਾਸ ਕਰਕੇ ਕੁਦਰਤੀ ਸਾਧਨਾਂ ਦਾ ਬੜੇ ਵੱਡੇ ਪੱਧਰ 'ਤੇ ਘਾਣ ਹੋਇਆ ਹੈ। ਪੰਜਾਬ ਦਾ ਧਰਤੀ ਹੇਠਲਾ ਪਾਣੀ ਥੱਲੇ ਜਾ ਰਿਹਾ ਹੈ, ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਜਾ ਰਹੀ ਹੈ ਅਤੇ ਧਰਤੀ ਹੇਠਲੇ ਮਾੜੇ ਪਾਣੀ ਦੀ ਜ਼ਿਆਦਾ ਵਰਤੋਂ ਨਾਲ ਜ਼ਮੀਨਾਂ ਉੱਪਰ ਮਾੜੇ ਲੂਣ ਜਮ੍ਹਾਂ ਹੋ ਰਹੇ ਹਨ। ਪੰਜਾਬ ਦੇ ਮੋਗਾ, ਸੰਗਰੂਰ, ਲੁਧਿਆਣਾ ਅਤੇ ਪਟਿਆਲੇ ਜ਼ਿਲ੍ਹਿਆਂ ਦੇ ਕੁਝ ਹਿੱਸੇ ਧਰਤੀ ਹੇਠਲੇ ਪਾਣੀ ਦੇ ਥੱਲੇ ਜਾਣ ਦੇ ਖ਼ਤਰਨਾਕ ਰੁਝਾਨ ਕਾਰਨ 'ਡਾਰਕ ਜ਼ੋਨ' ਘੋਸ਼ਿਤ ਕੀਤੇ ਜਾ ਚੁੱਕੇ ਹਨ। ਬਾਕੀ ਬਚਦੇ ਜ਼ਿਲ੍ਹੇ ਵੀ ਇਸ ਦੌੜ ਵਿੱਚ ਸ਼ਾਮਿਲ ਹੋਣ ਜਾ ਰਹੇ ਹਨ। ਸੋ ਕਣਕ-ਝੋਨੇ ਦੇ ਇੱਕ ਹੀ ਫ਼ਸਲੀ ਚੱਕਰ ਨਾਲ ਜਿੱਥੇ ਅਸੀਂ ਆਪਣੇ ਅਨਮੋਲ ਕੁਦਰਤੀ ਖਣਿਜਾਂ ਤੋਂ ਵਾਂਝੇ ਹੁੰਦੇ ਜਾ ਰਹੇ ਹਾਂ, ਉੱਥੇ ਆਰਥਿਕ ਪੱਖੋਂ ਵੀ ਹੌਲੇ ਹੁੰਦੇ ਜਾ ਰਹੇ ਹਾਂ।

ਪੰਜਾਬ ਦਾ ਕਿਸਾਨ ਇਸ ਅਣਹੋਣੀ ਤੋਂ ਅਣਜਾਣ ਨਹੀਂ ਪਰ ਅਵੇਸਲਾ ਹੈ। ਬੇਸ਼ੱਕ ਕਈ ਮਜਬੂਰੀਆਂ ਵੀ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਕਰਦੀਆਂ ਹਨ ਜਾਂ ਕਈ ਪ੍ਰਾਈਵੇਟ ਅਦਾਰੇ ਵੀ ਆਪਣੇ ਨਿੱਜੀ ਸਵਾਰਥਾਂ ਲਈ ਉਸ ਨੂੰ ਅਜਿਹੀਆਂ ਅਣਗਹਿਲੀਆਂ ਕਰਨ ਲਈ ਉਤਸ਼ਾਹਿਤ ਕਰਦੇ ਹਨ, ਪਰ ਹਰ ਪਾਸੇ ਤੋਂ ਨੁਕਸਾਨ ਸਿਰਫ਼ ਤੇ ਸਿਰਫ਼ ਕਿਸਾਨ ਦਾ ਹੀ ਹੋ ਰਿਹਾ ਹੈ। ਸੂਬੇ ਵਿੱਚ ਇਸ ਵਕਤ ਤਕਰੀਬਨ 65 ਫ਼ੀਸਦੀ ਕਿਸਾਨਾਂ ਕੋਲ 10 ਏਕੜ ਤੋਂ ਵੀ ਘੱਟ ਜ਼ਮੀਨ ਰਹਿ ਗਈ ਹੈ ਅਤੇ ਕੁੱਲ ਜ਼ਮੀਨ ਵਿੱਚ ਇਨ੍ਹਾਂ ਦੀ ਹਿੱਸੇਦਾਰੀ ਸਿਰਫ਼ 31 ਫ਼ੀਸਦੀ ਹੈ। ਇਸ ਦੇ ਉਲਟ 25 ਏਕੜ ਤੋਂ ਜ਼ਿਆਦਾ ਖੇਤੀ ਕਰਨ ਵਾਲੇ ਸਿਰਫ਼ 6.65 ਫ਼ੀਸਦੀ ਜ਼ਿਮੀਦਾਰਾਂ ਦੇ ਹਿੱਸੇ ਲਗਪਗ 26 ਫ਼ੀਸਦੀ ਜ਼ਮੀਨ ਹੈ। ਇਸ ਲਈ ਘਟ ਰਹੀਆਂ ਜ਼ਮੀਨਾਂ, ਵਧ ਰਹੀਆਂ ਖੇਤੀ ਪੈਦਾਵਾਰ ਕੀਮਤਾਂ ਅਤੇ ਨਸ਼ਟ ਹੋ ਰਹੇ ਕੁਦਰਤੀ ਸੋਮਿਆਂ ਦੇ ਸਾਰਥਿਕ ਹੱਲ ਲਈ ਆਧੁਨਿਕ ਖੇਤੀ ਤਕਨੀਕਾਂ, ਸੁਚੱਜੀ ਖੇਤੀ ਵਿਉਂਤਬੰਦੀ, ਮੰਗ ਅਨੁਸਾਰ ਪੈਦਾਵਾਰ ਅਤੇ ਮੰਡੀਕਰਨ ਕਰਕੇ ਪੁਰਾਣੀ ਖੇਤੀ ਦਾ ਮੁਹਾਣ ਬਦਲਿਆ ਜਾ ਸਕਦਾ ਹੈ।

ਮੌਜੂਦਾ ਖੇਤੀ ਦਾ ਸਭ ਤੋਂ ਵਿਚਾਰਨਯੋਗ ਪੱਖ ਇਸ ਉੱਪਰ ਕੰਮ ਕਰਨ ਵਾਲਿਆਂ ਕੋਲ ਘਟ ਰਿਹਾ ਖੇਤੀ ਕੰਮ ਹੈ। ਜ਼ਮੀਨਾਂ ਦੇ ਲਗਾਤਾਰ ਘਟਣ ਅਤੇ ਖੇਤੀ ਵਿੱਚ ਵਧ ਰਹੇ ਮਸ਼ੀਨੀਕਰਨ ਨਾਲ ਖੇਤੀ ਕਾਮਿਆਂ ਕੋਲ ਰੁਜ਼ਗਾਰ ਘਟ ਰਿਹਾ ਹੈ। ਵਿਹਲੇ ਹੋ ਰਹੇ ਕਾਮਿਆਂ ਲਈ ਕੋਈ ਹੋਰ ਕੰਮ ਨਹੀਂ ਜੁੜ ਰਿਹਾ ਅਤੇ ਨਾ ਹੀ ਜ਼ਿਆਦਾ ਸਾਰਥਿਕ ਤਰੀਕੇ ਨਾਲ ਕਿਸਾਨਾਂ ਵੱਲੋਂ ਆਪ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੌਜੂਦਾ ਖੇਤੀ ਕੀਮਤਾਂ ਦੇ ਅੰਕੜਿਆਂ ਅਨੁਸਾਰ ਪ੍ਰਤੀ ਏਕੜ ਕਣਕ ਅਤੇ ਝੋਨੇ ਲਈ ਤਕਰੀਬਨ 20 ਤੋਂ 25 ਕਾਮਿਆਂ ਦੀ ਲੋੜ ਰਹਿ ਗਈ ਹੈ। ਅੱਜ ਲੋੜ ਹੈ ਖੇਤੀ ਵਿੱਚ ਅਜਿਹੇ ਫ਼ਸਲੀ ਚੱਕਰ ਅਪਣਾਉਣ ਦੀ ਜਾਂ ਖੇਤੀ ਨਾਲ ਸਹਾਇਕ ਧੰਦੇ ਜੋੜਨ ਦੀ, ਜੋ ਕਿਸਾਨ ਅਤੇ ਉਸ ਦੇ ਪਰਿਵਾਰ ਨੂੰ ਸਾਰਾ ਸਾਲ ਕੰਮ ਦੇ ਸਕਣ। ਕੰਮ ਕਰਦੇ ਹੱਥਾਂ ਨਾਲ ਹੀ ਕਮਾਈ ਦੀ ਉਮੀਦ ਕੀਤੀ ਜਾ ਸਕਦੀ ਹੈ, ਵਿਹਲੇ ਬਹਿ ਕੇ ਨਹੀਂ। ਨਵੇਂ ਖੇਤੀ ਧੰਦੇ ਸ਼ੁਰੂ ਕਰਨ ਲਈ ਕਿਸਾਨ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਰਾਬਤਾ ਕਾਇਮ ਕਰ ਸਕਦੇ ਹਨ। ਫ਼ਸਲਾਂ ਦੀ ਕਾਸ਼ਤ ਕਰਦਿਆਂ ਵੇਖੋ-ਵੇਖ ਹੋਣ ਵਾਲੇ ਖ਼ਰਚੇ ਕਿਸਾਨੀ ਦੇ ਸੁੱਧ ਮੁਨਾਫ਼ੇ ਨੂੰ ਘਟਾ ਰਹੇ ਹਨ। ਗਿਆਨ ਅਤੇ ਸਾਧਨਾਂ ਦੀ ਘਾਟ ਕਿਸਾਨਾਂ ਨੂੰ ਵਿਚਾਰਾ ਬਣਨ ਲਈ ਮਜਬੂਰ ਕਰ ਰਹੀ ਹੈ। ਖੇਤੀ ਗਿਆਨ ਲਈ ਕਿਸਾਨਾਂ ਨੂੰ ਕੇਂਦਰ ਸਰਕਾਰ ਦੇ ਦਿੱਤੇ ਕਿਸਾਨ ਕਾਲ ਸੈਂਟਰ ਦੇ ਨੰਬਰ 1800-180-1551 ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਟੈਲੀਫੋਨ ਨੰਬਰ 0161-2401960-79 ਤੋਂ ਅੱਗੇ ਫ਼ਸਲ ਵਿਗਿਆਨ ਲਈ 401/308, ਭੂਮੀ ਸਿਹਤ ਅਤੇ ਖਾਦਾਂ ਲਈ 317, ਕੀਟ ਵਿਗਿਆਨ ਲਈ 504, ਫ਼ਸਲੀ ਬਿਮਾਰੀਆਂ ਲਈ 505, ਬਾਗ਼ਬਾਨੀ ਲਈ 303, ਸਬਜ਼ੀਆਂ ਲਈ 370 ਅਤੇ ਫਾਰਮ ਪ੍ਰਬੰਧ ਲਈ 461 ਆਦਿ ਨੰਬਰਾਂ 'ਤੇ ਖੇਤੀ ਮਾਹਿਰਾਂ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ।

ਛੋਟੀਆਂ ਹੋ ਰਹੀਆਂ ਖੇਤੀ ਜੋਤਾਂ ਵੱਡੀ ਖੇਤੀ ਮਸ਼ੀਨਰੀ ਲਈ ਲਾਹੇਵੰਦ ਨਹੀਂ ਰਹੀਆਂ। ਮਸ਼ੀਨਾਂ ਤੋਂ ਪੂਰਾ ਲਾਹਾ ਲੈਣ ਲਈ ਸਾਂਝੀ ਖੇਤੀ ਦੇ ਸਿਧਾਂਤ ਨੂੰ ਅਪਣਾਉਣ ਦੀ ਲੋੜ ਹੈ। ਕੋਈ ਦੋ ਜਾਂ ਇਸ ਤੋਂ ਵੱਧ ਕਿਸਾਨ ਸਾਂਝੀ ਖੇਤੀ ਲਈ ਆਪਣੇ ਸਾਰੇ ਸਾਧਨ ਇਕੱਠੇ ਕਰਕੇ ਇਸ ਤੋਂ ਵਧੇਰੇ ਲਾਹਾ ਲੈ ਸਕਦੇ ਹਨ। ਪਿੰਡਾਂ ਦੀਆਂ ਕੋਆਪਰੇਟਿਵ (ਸਹਿਕਾਰੀ) ਸੋਸਾਇਟੀਆਂ ਜੇ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਚਲਾਈਆਂ ਜਾਣ ਤਾਂ ਛੋਟੀ ਕਿਸਾਨੀ ਲਈ ਆਕਸੀਜਨ ਸਿੱਧ ਹੋ ਸਕਦੀਆਂ ਹਨ। ਇਨ੍ਹਾਂ ਸੋਸਾਇਟੀਆਂ ਨੂੰ ਖਾਦਾਂ ਦੀ ਵੰਡ ਤਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਸਾਂਝੀ ਖੇਤੀ ਮਸ਼ੀਨਰੀ, ਸਾਂਝੀ ਖੇਤੀ ਪੈਦਾਵਾਰ ਅਤੇ ਫ਼ਸਲਾਂ ਦੇ ਸਾਂਝੇ ਮੰਡੀਕਰਨ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਖੇਤੀ ਵਸਤਾਂ ਉਧਾਰ ਲੈ ਕੇ ਖੇਤੀ ਕਰਨ ਵਾਲੇ ਬਹੁਤੇ ਕਿਸਾਨ ਆਪਣੀ ਖੇਤੀ ਲਈ ਪ੍ਰਾਈਵੇਟ ਖੇਤੀ ਵਸਤਾਂ ਵੇਚਣ ਵਾਲੇ ਦੁਕਾਨਦਾਰਾਂ, ਕੰਪਨੀਆਂ ਦੇ ਨੁਮਾਇੰਦਿਆਂ, ਆੜ੍ਹਤੀਆਂ, ਖੇਤੀ ਵਪਾਰੀਆਂ ਅਤੇ ਖੇਤੀ ਸ਼ਾਹੂਕਾਰਾਂ 'ਤੇ ਨਿਰਭਰ ਕਰਦੇ ਹਨ। ਕਿਸਾਨ ਜ਼ਿਆਦਾਤਰ ਖੇਤੀ ਵਸਤਾਂ, ਬੀਜ ਅਤੇ ਖੇਤੀ ਜ਼ਹਿਰਾਂ ਆਦਿ ਅਜਿਹੇ ਲੋਕਾਂ ਤੋਂ ਖ਼ਰੀਦਦੇ ਹਨ ਅਤੇ ਉਨ੍ਹਾਂ ਦੇ ਦੱਸੇ ਅਨੁਸਾਰ ਹੀ ਵਰਤਦੇ ਹਨ। ਇਨ੍ਹਾਂ ਲੋਕਾਂ ਕੋਲ ਉੱਚ ਖੇਤੀ ਗਿਆਨ ਦੀ ਘਾਟ ਅਤੇ ਖੇਤੀ ਤਜ਼ਰਬੇ ਦੀ ਘਾਟ ਕਾਰਨ ਜਾਂ ਫਿਰ ਆਪਣੇ ਨਿੱਜੀ ਸਵਾਰਥਾਂ ਕਾਰਨ ਖੇਤੀ ਅਕਸਰ ਗੁੰਮਰਾਹ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਆਧੁਨਿਕ ਖੇਤੀ ਤਕਨੀਕਾਂ ਅਪਣਾ ਕੇ ਕਿਸਾਨ ਸਸਤੀ ਖੇਤੀ ਪੈਦਾਵਾਰ ਲੈਣ ਦੇ ਨਾਲ ਨਾਲ ਆਪਣੀ ਖੇਤੀ ਨੂੰ ਲੰਬੇ ਸਮੇਂ ਤਕ ਜਿਉਂਦਾ ਰੱਖ ਸਕਦੇ ਹਨ।

ਹਰ ਕਿਸਾਨ ਨੂੰ ਫ਼ਸਲਾਂ ਦੇ ਖ਼ਰਚੇ ਘਟਾਉਣ ਅਤੇ ਪੈਦਾਵਾਰ ਵਧਾਉਣ ਲਈ ਖ਼ਾਸ ਨੁਕਤੇ ਧਿਆਨ ਵਿੱਚ ਰੱਖਣੇ ਜ਼ਰੂਰੀ ਹਨ। ਜਿਵੇਂ ਹਾੜ੍ਹੀ ਰੁੱਤ ਵਿੱਚ ਕਣਕ ਦੀ ਬਿਜਾਈ ਜ਼ੀਰੋ ਟਿਲ ਮਸ਼ੀਨ ਜਾਂ ਹੈਪੀ ਸੀਡਰ ਨਾਲ ਕਰਕੇ, ਫ਼ਸਲ ਦੂਹਰੀ ਬੀਜ ਕੇ, ਸਿਫ਼ਾਰਸ਼ ਖਾਦਾਂ ਤੇ ਜ਼ਹਿਰਾਂ ਨੂੰ ਸਹੀ ਸਮੇਂ ਅਤੇ ਸਹੀ ਤਰੀਕੇ ਨਾਲ ਵਰਤ ਕੇ ਕਿਸਾਨ 2000 ਰੁਪਏ ਤੋਂ ਲੈ ਕੇ 2500 ਰੁਪਏ ਪ੍ਰਤੀ ਏਕੜ ਖ਼ਰਚਾ ਘਟਾ ਸਕਦੇ ਹਨ ਅਤੇ ਨਾਲ-ਨਾਲ 1 ਤੋਂ 2 ਕੁਇੰਟਲ ਪ੍ਰਤੀ ਏਕੜ ਤਕ ਦੀ ਪੈਦਾਵਾਰ ਵੀ ਵਧਾ ਸਕਦੇ ਹਨ। ਇਸੇ ਤਰ੍ਹਾਂ ਛੋਲਿਆਂ ਦੀ ਫ਼ਸਲ ਨੂੰ ਡੂੰਘੀ ਵਹਾਈ ਤੋਂ ਬਾਅਦ ਡੂੰਘਾ ਬੀਜ ਕੇ ਅਤੇ ਟਾਟਾਂ ਪੈਣ ਸਮੇਂ ਬੱਦਲਵਾਈ ਦੇ ਦਿਨਾਂ ਵਿੱਚ ਝੁਲਸ ਰੋਗ ਦੀ ਰੋਕਥਾਮ ਕਰਕੇ ਉਨੇ ਹੀ ਪੈਸਿਆਂ ਵਿੱਚ ਚੰਗਾ ਝਾੜ ਲੈ ਸਕਦੇ ਹਨ। ਸਰ੍ਹੋਂ ਨੂੰ ਯੂਰੀਆ ਖਾਦ ਦੇ ਨਾਲ ਨਾਲ ਸੁਪਰ ਫਾਸਫੇਟ ਜਾਂ ਜਿਪਸਮ ਖਾਦ ਪਾ ਕੇ ਅਤੇ 75 ਦਿਨ ਦੀ ਫ਼ਸਲ 'ਤੇ ਬਿਮਾਰੀਆਂ ਦੀ ਰੋਕਥਾਮ ਲਈ ਉਲੀਨਾਸ਼ਕ ਦੀਆਂ 3-4 ਸਪਰੇਆਂ ਕਰਕੇ ਖ਼ਰਚ ਕੀਤੇ ਪੈਸੇ ਦਾ ਪੂਰਾ ਲਾਹਾ ਲੈ ਸਕਦੇ ਹਨ। ਇਸੇ ਤਰ੍ਹਾਂ ਸਾਉਣੀ ਵਿਚ ਲਗਪਗ ਸਾਰੀਆਂ ਹੀ ਫ਼ਸਲਾਂ ਕੀੜੇ-ਮਕੌੜੇ ਤੇ ਬਿਮਾਰੀਆਂ ਦੀ ਮਾਰ ਹੇਠ ਜ਼ਿਆਦਾ ਆਉਂਦੀਆਂ ਹਨ। ਪੰਜਾਬ ਵਿੱਚ ਤਕਰੀਬਨ 5699 ਮੀਟਰਿਕ ਟਨ (ਟੈਕਨੀਕਲ ਗਰੇਡ) ਖੇਤੀ ਰਸਾਇਣਾਂ ਦੀ ਖ਼ਪਤ ਹੋ ਰਹੀ ਹੈ ਜਿਸ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮਨੁੱਖੀ ਸਰੀਰ ਅਤੇ ਕੁਦਰਤੀ ਸੋਮਿਆਂ ਜਿਵੇਂ ਹਵਾ, ਪਾਣੀ ਤੇ ਜ਼ਮੀਨ ਦਾ ਪ੍ਰਦੂਸ਼ਣ ਹੋ ਰਿਹਾ ਹੈ। ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਸਿਰਫ਼ ਪੀਏਯੂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹੀ ਬੀਜੀਏ, ਕੀੜਿਆਂ ਤੇ ਬਿਮਾਰੀਆਂ ਦੀ ਸਹੀ ਪਛਾਣ ਕਰਕੇ, ਫ਼ਸਲਾਂ ਦਾ ਲਗਾਤਾਰ ਸਰਵੇਖਣ ਕਰਕੇ ਅਤੇ ਸਹੀ ਰਸਾਇਣ ਦੀ ਸਹੀ ਸਮੇਂ ਅਤੇ ਸਹੀ ਢੰਗ ਨਾਲ ਵਰਤੋਂ ਕਰੀਏ। ਇਸ ਤਰ੍ਹਾਂ ਕਰਕੇ ਜਿੱਥੇ ਅਸੀਂ ਖੇਤੀ ਰਸਾਇਣਾਂ ਉੱਪਰ ਹੋ ਰਹੇ ਖ਼ਰਚੇ ਦਾ ਬੋਝ ਘਟਾ ਸਕਦੇ ਹਾਂ, ਉੱਥੇ ਇਨ੍ਹਾਂ ਦੇ ਮਾੜੇ ਅਸਰ ਤੋਂ ਵੀ ਬਚ ਸਕਦੇ ਹਾਂ। ਖੇਤੀ ਦਾ ਮੁਹਾਣ ਬਦਲਣਾ ਹੀ ਅੱਜ ਦੇ ਸਮੇਂ ਦੀ ਲੋੜ ਹੈ। ਖੇਤੀ ਸੈਕਟਰ ਦੀ ਅੰਦਰੂਨੀ ਵਿਭਿੰਨਤਾ ਦੇ ਨਾਲ ਨਾਲ ਖੇਤੀ ਉੱਪਰ ਕੰਮ ਕਰਨ ਵਾਲਿਆਂ ਦੇ ਬੋਝ ਨੂੰ ਘਟਾਉਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਗ਼ੈਰ-ਖੇਤੀ ਸੈਕਟਰ ਵਿੱਚ ਸਮੋਇਆ ਜਾਵੇ ਤਾਂ ਕਿ ਉਨ੍ਹਾਂ ਦਾ ਜੀਵਨ ਨਿਰਬਾਹ ਚੰਗੇ ਢੰਗ ਨਾਲ ਹੋ ਸਕੇ। ਇਸ ਲਈ ਕੌਮੀ ਪੱਧਰ 'ਤੇ ਇੱਕ ਵਿਸ਼ਾਲ ਨੀਤੀ ਦੀ ਲੋੜ ਹੈ।

*** ਅਰਥ-ਸ਼ਾਸਤਰ ਅਤੇ ਸਮਾਜ ਵਿਗਿਆਨ ਵਿਭਾਗ, ਪੀਏਯੂ, ਲੁਧਿਆਣਾ।**
**ਸੰਪਰਕ: 94630-22255** (ਧੰਨਵਾਦ ਪੰ.ਟ੍ਰਿ)

# ਪੁਰਸ਼ ਕਿਉਂ ਮਹਿਸੂਸ ਕਰਦੇ ਹਨ ਕਮਜ਼ੋਰੀ ?

**ਡਾ. ਹਰਸ਼ਿੰਦਰ ਕੌਰ**



ਚਾਲੀ ਸਾਲ ਤੋਂ ਵੱਧ ਉਮਰ ਦੇ ਲਗਪਗ 50 ਫ਼ੀਸਦੀ ਮਰਦ ਮਰਦਾਨਾ ਕਮਜ਼ੋਰੀ ਦੇ ਚੱਕਰਾਂ ਵਿੱਚ ਹਕੀਮਾਂ ਜਾਂ ਡਾਕਟਰਾਂ ਦੇ ਗੇੜੇ ਕੱਢਦੇ ਰਹਿੰਦੇ ਹਨ। ਜਰਨਲ ਆਫ ਸੈਕਸੂਅਲ ਮੈਡੀਸਿਨ ਅਨੁਸਾਰ 40 ਸਾਲਾਂ ਤੋਂ ਘੱਟ ਉਮਰ ਦੇ ਲਗਪਗ 26 ਫ਼ੀਸਦੀ ਮਰਦ ਵੀ ਇਸੇ ਕਮਜ਼ੋਰੀ ਤੋਂ ਪੀੜਤ ਲੱਭੇ ਗਏ ਹਨ। ਇਸੇ ਖੋਜ ਨੂੰ ਆਧਾਰ ਬਣਾ ਕੇ ਵਿਆਗਰਾ ਗੋਲੀ ਬਣਾਉਣ ਵਾਲੀ ਕੰਪਨੀ ਖ਼ਰਬਾਂ ਡਾਲਰਾਂ ਦੀ ਕਮਾਈ ਕਰ ਰਹੀ ਹੈ। ਸ਼ੁਰੂ ਸ਼ੁਰੂ ਵਿੱਚ ਦੁਨੀਆਂ ਭਰ ਵਿੱਚ ਮਰਦਾਨਾ ਕਮਜ਼ੋਰੀ ਦਾ ਕਾਰਨ ਸਿਰਫ਼ ਮਾਨਸਿਕ ਤਣਾਓ ਹੀ ਮੰਨਿਆ ਗਿਆ ਸੀ ਜਿਸ ਦਾ ਫ਼ਾਇਦਾ ਚੁੱਕ ਕੇ ਨੀਮ ਹਕੀਮਾਂ ਨੇ ਸੜਕਾਂ ਕਿਨਾਰੇ ਸ਼ਿਲਾਜੀਤ ਵੇਚਣ ਦਾ ਧੰਦਾ ਹੀ ਬਣਾ ਲਿਆ ਤੇ ਅਨੇਕ ਨੌਜਵਾਨ ਸ਼ਰਮ ਦੇ ਮਾਰੇ, ਓਹਲਾ ਰੱਖਣ ਸਦਕਾ ਸਪੈਸ਼ਲਿਸਟ ਡਾਕਟਰਾਂ ਕੋਲ ਜਾਣ ਦੀ ਬਜਾਏ ਇਨ੍ਹਾਂ ਸੜਕ ਛਾਪ ਡਾਕਟਰਾਂ ਦੇ ਗੇੜੇ ਕੱਢਦੇ ਰਹੇ। ਇਹ ਰੁਝਾਨ ਹੁਣ ਤਕ ਜਾਰੀ ਹੈ।

ਸਟੈਨਫਰਡ ਮੈਡੀਕਲ ਸੈਂਟਰ (ਅਮਰੀਕਾ) ਦੇ ਡਾਕਟਰ ਮਾਈਕਲ ਨੇ ਅਨੇਕ ਮਰੀਜ਼ਾਂ ਦਾ ਚੈੱਕਅਪ ਕਰਕੇ ਜਿਹੜੇ ਕਾਰਨ ਲੱਭੇ ਉਨ੍ਹਾਂ ਵਿੱਚ ਸਿਗਰਟ ਪੀਣਾ ਅਤੇ ਕੋਲੈਸਟਰੋਲ ਦਾ ਵਾਧਾ ਆਦਿ ਤੋਂ ਲੈ ਕੇ ਅੰਗ ਦੀ ਬਣਤਰ ਵਿੱਚ ਜਮਾਂਦਰੂ ਨੁਕਸ ਤਕ ਸ਼ਾਮਲ ਸਨ। ਇਨ੍ਹਾਂ ਕਾਰਨਾਂ ਦਾ ਵਿਸਥਾਰਤ ਵਿਸ਼ਲੇਸ਼ਣ ਇਸ ਤਰ੍ਹਾਂ ਹੈ:

ਤਣਾਓ: ਵੀਹ ਤੋਂ ਤੀਹ ਸਾਲ ਦੇ ਨੌਜਵਾਨਾਂ ਵਿੱਚ ਆਪਣੀ ਸਰੀਰਿਕ ਸਮਰੱਥਾ ਨੂੰ ਲੈ ਕੇ ਇੰਨਾ ਗੰਭੀਰ ਤਣਾਓ ਵੇਖਣ ਵਿੱਚ ਆਇਆ ਕਿ ਉਹ ਸ਼ਰਮਿੰਦਗੀ ਮਹਿਸੂਸ ਕਰਦੇ ਹੋਏ, ਬਿਨਾਂ ਰੋਗ ਦੇ ਵੀ ਮਰਦਾਨਾ ਕਮਜ਼ੋਰੀ ਦੇ ਸ਼ਿਕਾਰ ਹੋਏ ਲੱਭੇ। ਬਹੁਤ ਸਾਰੇ ਗੱਭਰੂ ਹਸਤਮੈਥੁਨ ਨੂੰ ਬਿਮਾਰੀ ਮੰਨ ਕੇ ਆਪੇ ਹੀ ਕਮਜ਼ੋਰ ਬਣ ਬੈਠੇ। ਇਹ ਸਭ ਮਾਨਸਿਕ ਤਣਾਓ ਹੀ ਹੈ ਹੋਰ ਕੁਝ ਨਹੀਂ। ਯੂਰੋਲੋਜੀ ਦੇ ਸਹਾਇਕ ਪ੍ਰੋਫੈਸਰ ਜੋਜ਼ੇਫ ਨੇ ਪੈਨੀਸਿਲਵੈਨੀਆ ਦੀ ਯੂਨੀਵਰਸਿਟੀ ਵਿਖੇ ਬਹੁਤ ਸਾਰੇ ਨੌਜਵਾਨ ਮਰੀਜ਼ਾਂ ਵਿੱਚ ਇਹੋ ਕਾਰਨ ਲੱਭਿਆ ਜਿੱਥੇ ਪਹਿਲੀ ਵਾਰ ਸਹਿਵਾਸ ਦੀ ਘਬਰਾਹਟ ਸਦਕਾ ਮਜ਼ਾਕ ਉੱਡ ਜਾਣ ਨਾਲ ਆਪਣੇ ਆਪ ਨੂੰ ਸਦੀਵੀ ਤੌਰ ਉੱਤੇ ਨਾਮਰਦ ਮੰਨ ਕੇ ਬਹਿ ਗਏ। ਕਈ ਇਸ ਤਰ੍ਹਾਂ ਦੇ ਮਰੀਜ਼ ਸਿਰਫ਼ ਆਪਣੀ ਮਰਦਾਨਗੀ ਦਾ ਟੈਸਟ ਕਰਨ ਲਈ ਨਾਬਾਲਗ ਬੱਚੀਆਂ ਦਾ ਜਬਰਜਨਾਹ ਕਰਨ ਦੀ ਧੁਨ ਪਾਲ ਬੈਠੇ।

ਬਹੁਤ ਜ਼ਿਆਦਾ ਸਾਈਕਲ ਚਲਾਉਣ ਕਾਰਨ: ਹਰ ਸਾਈਕਲ ਚਲਾਉਣ ਵਾਲੇ ਨਾਲ ਅਜਿਹਾ ਨਹੀਂ ਹੁੰਦਾ ਪਰ ਜੇ ਕੁਝ ਮੀਲ ਸਾਈਕਲ ਚਲਾਉਣ ਬਾਅਦ ਮਰਦਾਵਾਂ ਅੰਗ ਜਾਂ ਉਸ ਦੇ ਦੁਆਲੇ ਦਾ ਹਿੱਸਾ ਸੁੰਨ ਜਿਹਾ ਹੁੰਦਾ ਜਾਪੇ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸ ਹਿੱਸੇ ਦੀ ਨਸ ਉੱਤੇ ਦਬਾਅ ਪੈ ਰਿਹਾ ਹੈ। ਅਜਿਹੇ ਕੇਸਾਂ ਵਿੱਚ ਗਦੂਦ ਹੇਠੋਂ ਲੰਘ ਰਹੀਆਂ ਨਸਾਂ ਸਾਈਕਲ ਦੀ ਸੀਟ ਨਾਲ ਫਿਸ ਕੇ ਹਿੱਸੇ ਨੂੰ ਸੁੰਨ ਕਰ ਦਿੰਦੀਆਂ ਹਨ। ਸਾਈਕਲ ਦੀ ਸੀਟ ਬਦਲਣ ਨਾਲ ਵੀ ਜੇ ਆਰਾਮ ਨਾ ਜਾਪੇ ਤਾਂ ਸਾਈਕਲ ਚਲਾਉਣਾ ਛੱਡਣ ਵਿੱਚ ਹੀ ਭਲਾਈ ਹੈ।

ਸ਼ਰਾਬ ਅਤੇ ਨਸ਼ਾ: ਬਹੁਤ ਜਣੇ ਪੱਕਾ ਭਰਮ ਪਾਲੀ ਬੈਠੇ ਹਨ ਕਿ ਉਨ੍ਹਾਂ ਨੂੰ ਸ਼ਰਾਬ ਪੀਣ ਨਾਲ ਚੰਗਾ ਮਹਿਸੂਸ ਹੁੰਦਾ ਹੈ ਤੇ ਸਰੀਰਕ ਤਾਕਤ ਵਧੀ ਹੋਈ ਲਗਦੀ ਹੈ। ਅੰਗ ਦੀ ਸੁਡੌਲਤਾ ਉੱਤੇ ਇਸ ਦਾ ਉੱਕਾ ਕੋਈ ਅਸਰ ਨਹੀਂ ਹੁੰਦਾ। ਨਸ਼ਾ ਜਾਂ ਸ਼ਰਾਬ ਦਿਮਾਗ ਉੱਤੇ ਜ਼ਰੂਰ ਵਕਤੀ ਅਸਰ ਪਾਉਂਦੇ ਹਨ ਜਿਵੇਂ ਬੰਦਾ ਸੁਰਖ਼ਰੂ ਹੋ ਕੇ ਉੱਚੀ ਉਡਾਣ ਭਰ ਰਿਹਾ ਹੋਵੇ। ਮਰਦਾਨਗੀ ਨਾਲ ਇਸ ਦਾ ਉੱਕਾ ਕੋਈ ਸਬੰਧ ਨਹੀਂ ਹੈ। ਸ਼ਰਾਬ ਤਾਂ ਸਗੋਂ ਬੰਦੇ ਨੂੰ ਢਹਿੰਦੀ ਕਲਾ ਵੱਲ ਲੈ ਜਾਂਦੀ ਹੈ। ਦੋ ਪੈੱਗ ਤੋਂ ਵੱਧ ਲੈ ਚੁੱਕੇ ਅਨੇਕ ਮਰਦਾਂ ਦੀ ਇਹੋ ਸ਼ਿਕਾਇਤ ਰਹੀ ਹੈ ਕਿ ਉਨ੍ਹਾਂ ਤੋਂ ਸਰੀਰਕ ਸਬੰਧ ਬਣਾਏ ਨਹੀਂ ਜਾਂਦੇ।

ਕੋਕੀਨ ਲੈਣ ਦੇ ਸ਼ੌਕੀਨ ਇਹ ਸਮਝ ਲੈਣ ਕਿ ਉਨ੍ਹਾਂ ਦੇ ਸਰੀਰ ਅੰਦਰਲੀ ਟੈਸਟੋਸਟੀਰੋਨ ਦੀ ਮਾਤਰਾ ਘਟ ਜਾਂਦੀ ਹੈ ਜਿਸ ਨਾਲ ਸਰੀਰਕ ਕਮਜ਼ੋਰੀ ਆਉਣੀ ਸੁਭਾਵਿਕ ਹੈ। ਇਸ ਦੀ ਵਰਤੋਂ ਨਾਲ ਉਹ ਨਿਪੁੰਸਕ ਵੀ ਬਣ ਸਕਦੇ ਹਨ। ਇਹੋ ਕਾਰਨ ਹੈ ਕਿ ਪੰਜਾਬ ਅੰਦਰ ਨਸ਼ੇ ਦੀ ਵਧਦੀ ਵਰਤੋਂ ਸਦਕਾ ਢੇਰਾਂ ਦੇ ਢੇਰ ਨੌਜਵਾਨ ਨਿਪੁੰਸਕ ਬਣਦੇ ਜਾ ਰਹੇ ਹਨ।

ਜ਼ੁਕਾਮ ਦੀ ਦਵਾਈ: ਜ਼ੁਕਾਮ ਲਈ ਆਮ ਵਰਤੀ ਜਾਂਦੀ ਦਵਾਈ ਵਿੱਚ ਸੂਡੋਫੈਡਰੀਨ ਹੁੰਦੀ ਹੈ, ਜੋ ਸਰੀਰ ਅੰਦਰ ਐਪੀਨੈਫਰੀਨ ਵਧਾ ਦਿੰਦੀ ਹੈ। ਇਸ ਨਾਲ 'ਕਰੋ ਜਾਂ ਮਰੋ' ਵਰਗਾ ਅਹਿਸਾਸ ਹੁੰਦਾ ਹੈ। ਮਸਲਨ ਸਾਹਮਣੇ ਸ਼ੇਰ ਵੇਖ ਕੇ ਜਾਂ ਤਾਂ ਉਸ ਉੱਤੇ ਟੁੱਟ ਪਵੋ ਜਾਂ ਭੱਜ ਕੇ ਜਾਨ ਬਚਾ ਲਵੋ। ਸਰੀਰ ਅੰਦਰਲੇ ਅਜਿਹੇ ਹਾਲਾਤ ਵਿੱਚ ਕੋਈ ਕਿਵੇਂ ਸਰੀਰਕ ਸਬੰਧ ਬਣਾਉਣ ਬਾਰੇ ਸੋਚ ਸਕਦਾ ਹੈ। ਇਸੇ ਲਈ ਕਮਜ਼ੋਰੀ ਮਹਿਸੂਸ ਹੋ ਸਕਦੀ ਹੈ ਜੋ ਵਕਤੀ ਹੁੰਦੀ ਹੈ। ਕਈ ਲੋਕ ਅਜਿਹੀ ਵਕਤੀ ਗੜਬੜੀ ਕਾਰਨ ਵੀ ਝੱਟਪਟ ਢਹਿੰਦੀ ਕਲਾ ਵੱਲ ਤੁਰ ਜਾਂਦੇ ਹਨ ਤੇ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੰਦੇ ਹਨ। ਸੂਡੋਫੈਡਰੀਨ ਤੋਂ ਅੱਗੋਂ ਕਈ ਲੈਬਾਰਟਰੀਆਂ ਵਿੱਚ 'ਚਿੱਟਾ' ਬਣਾਇਆ ਜਾਂਦਾ ਹੈ ਜਿਸ ਦੀ ਵਰਤੋਂ ਨਾਲ ਸਦੀਵੀ ਨੁਕਸਾਨ ਹੋ ਸਕਦਾ ਹੈ।

ਸ਼ੱਕਰ ਰੋਗ: ਸ਼ੱਕਰ ਰੋਗ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸ਼ੱਕਰ ਰੋਗ ਦਾ ਠੀਕ ਤਰ੍ਹਾਂ ਇਲਾਜ ਨਾ ਕਰਵਾਉਣ ਸਦਕਾ ਬਥੇਰੇ ਰੋਗੀ ਹੌਲੀ ਹੌਲੀ ਨਾਮਰਦ ਬਣਦੇ ਜਾ ਰਹੇ ਹਨ। ਇਸੇ ਲਈ ਸ਼ੱਕਰ ਰੋਗੀਆਂ ਨੂੰ ਲਹੂ ਵਿੱਚ ਨਿਰਣੇ ਕਾਲਜੇ ਸ਼ੱਕਰ ਦੀ ਮਾਤਰਾ ਨੂੰ 110 ਤਕ ਰੱਖਣ ਦੀ ਸਲਾਹ ਦਿੱਤੀ ਗਈ ਹੈ। ਜੇ ਗੋਲੀਆਂ ਨਾਲ ਸ਼ੂਗਰ 110 ਤੋਂ ਉੱਪਰ ਹੋਵੇ ਤਾਂ ਝਟਪਟ ਇਨਸੂਲਿਨ ਦੇ ਟੀਕਿਆਂ ਨੂੰ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇੰਜ ਮਰੀਜ਼ ਆਪਣੀ ਮਰਦਾਨਗੀ ਬਰਕਰਾਰ ਰੱਖ ਸਕਦੇ ਹਨ।

ਸ਼ੂਗਰ ਦੀ ਬਿਮਾਰੀ ਵਿੱਚ ਸਰੀਰ ਅੰਦਰ ਨਾਈਟਰਿਕ ਐਸਿਡ ਘੱਟ ਬਣਨ ਲੱਗ ਪੈਂਦਾ ਹੈ। ਨਾਈਟਰਿਕ ਐਸਿਡ ਦਾ ਕੰਮ ਸਕਿੰਟਾਂ ਵਿੱਚ ਮਰਦਾਵੇਂ ਅੰਗ ਨੂੰ ਲਹੂ ਪਹੁੰਚਾਉਣਾ ਹੈ। ਇਸੇ ਲਈ ਸ਼ੂਗਰ ਦੀ ਬਿਮਾਰੀ ਦਾ ਸਹੀ ਇਲਾਜ ਹੋਣਾ ਜ਼ਰੂਰੀ ਹੈ ਅਤੇ ਲਹੂ ਵਿੱਚ ਸ਼ੱਕਰ ਦੀ ਮਾਤਰਾ 110 ਤੋਂ ਉੱਪਰ ਕਿਸੇ ਹਾਲ ਵਿੱਚ ਨਹੀਂ ਜਾਣ ਦੇਣੀ ਚਾਹੀਦੀ।

ਬਲੱਡ ਪ੍ਰੈਸ਼ਰ ਦਾ ਵਾਧਾ: ਬਲੱਡ ਪ੍ਰੈਸ਼ਰ ਦੀ ਬਿਮਾਰੀ ਨੂੰ ਜੇ ਛੇਤੀ ਕਾਬੂ ਵਿੱਚ ਨਾ ਕੀਤਾ ਜਾਵੇ ਤਾਂ ਇਹ 20 ਸਾਲਾਂ ਦੇ ਬੰਦੇ ਦੇ ਸਰੀਰ ਨੂੰ ਵੀ 60 ਸਾਲ ਦੀ ਉਮਰ ਵਾਂਗ ਕਰ ਦਿੰਦੀ ਹੈ। ਸਰੀਰ ਢਿੱਲਾ, ਥੱਕਿਆ ਅਤੇ ਸਿਰ ਪੀੜ ਆਦਿ ਨਾਲ ਮੂਡ ਦਾ ਸੱਤਿਆਨਾਸ ਵੱਜ ਜਾਂਦਾ ਹੈ।

ਕੈਂਸਰ: ਕੀਮੋਥੈਰੇਪੀ ਟੈਸਟੋਸਟੀਰੋਨ ਘਟਾ ਦਿੰਦੀ ਹੈ, ਜਿਸ ਨਾਲ ਮਰਦਾਵੇਂ ਅੰਗ ਨੂੰ ਲਹੂ ਦੀ ਸਪਲਾਈ ਘਟ ਜਾਂਦੀ ਹੈ। ਕਿਰਨਾਂ ਨਾਲ ਕੀਤੇ ਇਲਾਜ ਵਿੱਚ ਅੰਗ ਨੂੰ ਜਾਂਦੀਆਂ ਲਹੂ ਦੀਆਂ ਨਾੜੀਆਂ ਦੀ ਪਰਤ ਜਾਂ ਨਸਾਂ ਵੀ ਖ਼ਰਾਬ ਹੋ ਸਕਦੀਆਂ ਹਨ। ਸਾਇੰਸ ਦੀ ਤਰੱਕੀ ਸਦਕਾ ਮਰਦਾਨਾ ਤਾਕਤ ਵਧਾਉਣ ਦੀਆਂ ਦਵਾਈਆਂ ਖਾਣ ਨਾਲ ਕੈਂਸਰ ਦੇ ਇਲਾਜ ਦੌਰਾਨ ਵੀ ਵਧੀਆ ਅਸਰ ਵੇਖਿਆ ਗਿਆ ਹੈ।

ਸਿਗਰਟਨੋਸ਼ੀ: ਸਿਗਰਿਟ ਦੀ ਵਰਤੋਂ ਵੀ ਹੌਲੀ ਹੌਲੀ ਮਰਦਾਨਾ ਤਾਕਤ ਘਟਾ ਦਿੰਦੀ ਹੈ।

ਖੋਜਾਂ ਰਾਹੀਂ ਸਾਬਤ ਹੋ ਚੁੱਕਿਆ ਹੈ ਕਿ ਤੰਦਰੁਸਤ ਸਰੀਰ, ਤਣਾਓ ਰਹਿਤ ਦਿਮਾਗ, ਨਸ਼ੇ ਤੋਂ ਤੌਬਾ, ਸੰਤੁਲਿਤ ਖ਼ੁਰਾਕ, ਘਰੇਲੂ ਝਗੜਿਆਂ ਤੋਂ ਰਾਹਤ, ਸੁਖਾਵਾਂ ਮਾਹੌਲ, ਉਸਾਰੂ ਸੋਚ, ਇੱਕੋ ਪ੍ਰਤੀ ਨਿਸ਼ਠਾ, ਰੋਜ਼ਾਨਾ ਕਸਰਤ, ਮਧੁਰ ਸੰਗੀਤ, ਹਲਕੀ ਮਾਲਿਸ਼, ਬਿਮਾਰੀਆਂ ਦਾ ਛੇਤੀ ਅਤੇ ਸਹੀ ਇਲਾਜ ਹੀ ਮਰਦਾਨਾ ਤਾਕਤ ਬਰਕਰਾਰ ਰੱਖਣ ਵਿੱਚ ਸਹਾਈ ਸਾਬਤ ਹੋਏ ਹਨ।

**ਸੰਪਰਕ:** 0175-2216783 (ਧੰਨਵਾਦ ਪੰ.ਟ੍ਰਿ)


# ਮਿਲਕਫੂਡ ਲਿਮਟਿਡ

milkfood

**ਸੀ ਆਈ ਐਨ** : ਐਲ 15201 ਪੀ ਬੀ 1973 ਪੀ ਐਲ ਸੀ 003746
**ਰਜਿਸਟਰਡ ਆਫਿਸ**: ਪੋਸਟ ਆਫਿਸ ਬਹਾਦੁਰਗੜ-147021; ਜ਼ਿਲ੍ਹਾ : ਪਟਿਆਲਾ (ਪੰਜਾਬ), ਟੈਲੀਫੋਨ : 0175-2381404; ਫੈਕਸ :0175-2380248
E-mail: milkfoodltd@milkfoodltd.com; Website:www.milkfoodltd.com

## 31 ਦਸੰਬਰ, 2022 ਨੂੰ ਸਮਾਪਤ ਹੋਈ ਤਿਮਾਹੀ ਅਤੇ 9 ਮਹੀਨਿਆਂ ਦੇ ਬਿਨਾ ਆਡਿਟ ਕੀਤੇ ਸਟੈਂਡਅਲੋਨ ਅਤੇ ਕਨਸੋਲੀਡੇਟਿਡ ਵਿੱਤੀ ਨਤੀਜੇ

(ਰੁਪਏ ਲੱਖਾਂ ਵਿੱਚ)

| ਲੜੀ | ਵੇਰਵੇ | ਸਟੈਂਡਅਲੋਨ | | | | | | ਕਨਸੋਲੀਡੇਟਿਡ | | | | | |
|---|---|---|---|---|---|---|---|---|---|---|---|---|---|
| | | ਤਿਮਾਹੀ ਸਮਾਪਤ ਹੋਈ | | | 9 ਮਹੀਨੇ ਸਮਾਪਤ ਹੋਏ | | ਸਾਲ ਸਮਾਪਤ ਹੋਇਆ | ਤਿਮਾਹੀ ਸਮਾਪਤ ਹੋਈ | | | 9 ਮਹੀਨੇ ਸਮਾਪਤ ਹੋਏ | | ਸਾਲ ਸਮਾਪਤ ਹੋਇਆ |
| | | 31.12.2022 (ਅਨਆਡਿਟਿਡ) | 30.09.2022 (ਅਨਆਡਿਟਿਡ) | 31.12.2021 (ਅਨਆਡਿਟਿਡ) | 31.12.2022 (ਅਨਆਡਿਟਿਡ) | 31.12.2021 (ਅਨਆਡਿਟਿਡ) | 31.03.2022 (ਆਡਿਟਿਡ) | 31.12.2022 (ਅਨਆਡਿਟਿਡ) | 30.09.2022 (ਅਨਆਡਿਟਿਡ) | 31.12.2021 (ਅਨਆਡਿਟਿਡ) | 31.12.2022 (ਅਨਆਡਿਟਿਡ) | 31.12.2021 (ਅਨਆਡਿਟਿਡ) | 31.03.2022 (ਆਡਿਟਿਡ) |
| | | 1 | 2 | 3 | 4 | 5 | 6 | 1 | 2 | 3 | 4 | 5 | 6 |
| 1 | ਆਪਰੇਸ਼ਨਾਂ ਤੋਂ ਆਮਦਨ | | | | | | | | | | | | |
| | (a) ਆਪਰੇਸ਼ਨਾ ਤੋਂ ਰੈਵੀਨਿਊ | 15,040 | 10,340 | 9,048 | 33,395 | 22,319 | 31,620 | 15,040 | 10,340 | 9,048 | 33,395 | 22,319 | 31,620 |
| | (b) ਹੋਰ ਆਮਦਨ | 37 | 324 | 26 | 369 | 318 | 315 | 37 | 324 | 26 | 369 | 318 | 315 |
| | **ਕੁਲ ਆਮਦਨ** | **15,077** | **10,664** | **9,074** | **33,764** | **22,637** | **31,935** | **15,077** | **10,664** | **9,074** | **33,764** | **22,637** | **31,935** |
| 2. | ਖਰਚੇ | | | | | | | | | | | | |
| | (a) ਖਪਤ ਕੀਤੇ ਪਦਾਰਥਾਂ ਦੀ ਲਾਗਤ | 14,428 | 8,106 | 7,660 | 30,265 | 17,311 | 24,429 | 14,428 | 8,106 | 7,660 | 30,265 | 17,311 | 24,429 |
| | (b) ਫਿਨਿਸ਼ਡ ਗੁਡਜ਼, ਚਾਲੂ ਕੰਮ ਅਤੇ ਸਟਾਕ ਇਨ ਟਰੇਡ ਦੀਆਂ ਇਨੈਵਨਟਰੀਆਂ ਵਿੱਚ ਤਬਦੀਲੀਆਂ | (2,036) | 551 | (169) | (2,239) | 1,167 | 1,444 | (2,036) | 551 | (169) | (2,239) | 1,167 | 1,444 |
| | (c) ਕਰਮਚਾਰੀਆਂ ਦੇ ਹਿਤਾਂ ਦੇ ਖਰਚੇ | 813 | 536 | 571 | 1,914 | 1,640 | 2,273 | 813 | 536 | 571 | 1,914 | 1,640 | 2,273 |
| | (d) ਵਿੱਤੀ ਲਾਗਤ | 265 | 208 | 189 | 648 | 561 | 732 | 265 | 208 | 189 | 648 | 561 | 732 |
| | (e) ਘਿਸਾਈ ਅਤੇ ਰਿਣ ਮੁਕਤੀ ਦੇ ਖਰਚੇ | 168 | 154 | 150 | 471 | 477 | 654 | 168 | 154 | 150 | 471 | 477 | 654 |
| | (f) ਹੋਰ ਖਰਚੇ | 1,053 | 473 | 586 | 1,927 | 1,307 | 2,172 | 1,053 | 473 | 586 | 1,927 | 1,307 | 2,172 |
| | **ਕੁਲ ਖਰਚੇ** | **14,691** | **10,028** | **8,987** | **32,986** | **22,463** | **31,704** | **14,691** | **10,028** | **8,987** | **32,986** | **22,463** | **31,704** |
| 3 | **ਟੈਕਸਾਂ ਤੋਂ ਪਹਿਲਾਂ ਆਮਦਨ (1-2)** | **386** | **636** | **87** | **778** | **174** | **231** | **386** | **636** | **87** | **778** | **174** | **231** |
| 4 | ਟੈਕਸ ਖਰਚੇ | | | | | | | | | | | | |
| | (a) ਚਾਲੂ ਟੈਕਸ | 94 | 67 | 17 | 161 | 39 | 52 | 94 | 67 | 17 | 161 | 39 | 52 |
| | (b) ਪਿਛਲੇ ਸਮੇਂ ਨਾਲ ਸਬੰਧਤ ਟੈਕਸ ਦੀ ਐਡਜਸਟਮੈਂਟ | - | 6 | - | 6 | - | 11 | - | 6 | - | 6 | - | 11 |
| | (c) ਐਮ ਏ ਟੀ ਕਰੈਡਿਟ ਰੀਕਗਨੀਸ਼ਨ | 4 | (67) | (17) | (63) | (39) | (60) | 4 | (67) | (17) | (63) | (39) | (60) |
| | (d) ਡੈਫਰਡ ਟੈਕਸ ਚਾਰਜਿਜ਼/(ਕਰੈਡਿਟ) | (39) | 137 | - | 38 | - | (121) | (39) | 137 | - | 38 | - | (121) |
| | **ਕੁਲ ਟੈਕਸ ਖਰਚੇ** | 59 | 143 | - | 142 | - | (118) | 59 | 143 | - | 142 | - | (118) |
| 5 | **ਖਾਲਸ ਮੁਨਾਫਾ/ (ਹਾਨੀ) ਟੈਕਸ ਪਿੱਛੋਂ (3+4)** | **327** | **493** | **87** | **636** | **174** | **349** | **327** | **493** | **87** | **636** | **174** | **349** |
| 6 | ਹੋਰ ਵਿਆਪਕ ਆਮਦਨ/ (ਹਾਨੀ) ਆਈਟਮਾਂ ਜਿਹੜੀਆਂ ਲਾਭ ਜਾਂ ਹਾਨੀ ਲਈ ਰੀਕਲਾਸੀਫਾਈਡ ਨਹੀਂ ਕੀਤੀਆਂ ਜਾਣਗੀਆਂ | (7) | (9) | (1) | (58) | (4) | 15 | (7) | (9) | (1) | (58) | (4) | 15 |
| 7 | **ਖਾਲਸ ਮੁਨਾਫਾ/ (ਹਾਨੀ) ਅਵਧੀ ਲਈ (5+6)** | **320** | **484** | **86** | **578** | **170** | **364** | **320** | **484** | **86** | **578** | **170** | **364** |
| 8 | ਪੇਡ ਅਪ ਇਕਵਿਟੀ ਸ਼ੇਅਰ ਪੂੰਜੀ (ਸ਼ੇਅਰ ਦੀ ਫੇਸ ਵੈਲਿਊ 10/-ਰੁਪਏ ਪ੍ਰਤੀ) | 489 | 489 | 489 | 489 | 489 | 489 | 489 | 489 | 489 | 489 | 489 | 489 |
| 9 | ਹੋਰ ਇਕਵਿਟੀ | | | | | | 11,779 | | | | | | 11,777 |
| 10 | **ਪ੍ਰਤੀ ਸ਼ੇਅਰ ਕਮਾਈਆਂ (10/-ਰੁਪਏ ਪ੍ਰਤੀ) (ਐਨੁਅਲਾਈਜ਼ਡ ਨਹੀਂ) :** | | | | | | | | | | | | |
| | (a) ਬੇਸਿਕ | 6.69 | 10.08 | 1.78 | 13.02 | 3.56 | 7.11 | 6.69 | 10.08 | 1.78 | 13.02 | 3.56 | 7.11 |
| | (b) ਡਾਈਲਿਊਟਿਡ | 6.37 | 10.08 | 1.78 | 12.40 | 3.56 | 7.11 | 6.37 | 10.08 | 1.78 | 12.40 | 3.56 | 7.11 |

**ਨੋਟਸ :**

1. ਗਰੁੱਪ ਦੇ ਬਿਨਾ ਆਡਿਟ ਕੀਤੇ ਸਟੈਂਡਅਲੋਨ ਅਤੇ ਕਨਸੋਲੀਡੇਟਿਡ ਵਿੱਤੀ ਨਤੀਜਿਆਂ ਦਾ ਜਾਇਜ਼ਾ ਆਡਿਟ ਕਮੇਟੀ ਨੇ ਲਿਆ ਹੈ ਅਤੇ ਡਾਇਰੈਕਟਰਾਂ ਦੇ ਬੋਰਡ ਨੇ ਆਪਣੀ ਕ੍ਰਮਵਾਰ ਮੀਟਿੰਗਾਂ 'ਚ 03 ਫਰਵਰੀ, 2023 ਨੂੰ ਮਨਜ਼ੂਰ ਕੀਤਾ ਹੈ। ਸਟੈਚੁਟਰੀ ਆਡੀਟਰਾਂ ਨੇ ਲਿਮਟਿਡ ਰਿਵੀਊ ਕੀਤਾ ਹੈ ਜਿਹੜਾ ਕਿ ਸੈਬੀ ਦੇ ਰੈਗੂਲੇਸ਼ਨ 33 ਦੇ ਅਨੁਸਾਰ (ਲਿਸਟਿਡ ਓਬਲੀਗੇਸ਼ਨਜ਼ ਅਤੇ ਡਿਸਕਲੋਜ਼ਰ ਰਿਕਵਾਇਰਮੈਂਟ) ਰੈਗੂਲੇਸ਼ਨ, 2015 ਅਤੇ ਉਸ ਨੇ ਮੋਡੀਫਾਈਡ ਆਡਿਟ ਰਾਏ ਰਿਜ਼ਲਟਸ ਬਾਰੇ ਪ੍ਰਗਟ ਕੀਤੀ ਹੈ।
2. ਗਰੁੱਪ ਦੇ ਵਿਤੀ ਨਤੀਜਿਆਂ ਨੂੰ ਇੰਡੀਅਨ ਅਕਾਊਂਟਿੰਗ ਸਟੈਂਡਰਡਜ਼ (Ind AS) ਦੇ ਅਨੁਸਾਰ ਤਿਆਰ ਕੀਤਾ ਹੈ ਨੋਟੀਫਾਈਡ ਅੰਡਰ ਕੰਪਨੀਜ਼ (ਇੰਡੀਅਨ ਅਕਾਊਂਟਿੰਗ ਸਟੈਂਡਰਡਜ਼) ਰੂਲਜ਼, 2015 ਜਿਵੇਂ ਕਿ ਕੰਪਨੀ ਵੱਲੋਂ ਸੋਧ ਕੀਤੀ ਗਈ (ਇੰਡੀਅਨ ਅਕਾਊਂਟਿੰਗ ਸਟੈਂਡਰਡਜ਼) (ਸੋਧ) ਰੂਲਜ਼, 2016।
3. ਕੰਪਨੀ ਇੱਕ ਸਿੰਗਲ ਸੈਗਮੈਂਟ ਅਧੀਨ ਕੰਮ ਕਰ ਰਹੀ ਹੈ-ਭਾਵ "ਡੇਅਰੀ ਪਰਾਡਕਟਸ- ਸਮੇਤ ਘਿਉ, ਮਿਲਕ ਪਾਊਡਰ, ਕੈਸੀਅਨ ਅਤੇ ਵਹੇ ਪਾਊਡਰ" ਅਤੇ ਇਸ ਲਈ ਆਈ ਐਨ ਡੀ ਏ ਐਸ-108 (ਓਪਰੇਟਿੰਗ ਸੈਗਮੈਂਟਸ) ਨੂੰ ਪ੍ਰਗਟ ਕਰਨ ਦੀਆਂ ਲੋੜਾਂ ਲਾਗੂ ਨਹੀਂ ਹੁੰਦੀਆਂ।
4. ਕੰਟੀਜੈਂਟ ਲਾਇਬਿਲੀਟੀਜ਼-ਕੰਪਨੀ ਵਿਰੁੱਧ ਕਲੇਮ ਜਿਹੜੇ ਕਰਜ਼ੇ ਵਜੋਂ ਨਹੀਂ ਮੰਨੇ ਗਏ-78 ਲੱਖ ਰੁਪਏ।
5. ਅਪ੍ਰੈਲ ਤੋਂ ਲੈ ਕੇ ਸਤੰਬਰ ਤਕ ਦਾ ਸਮਾਂ ਗਰਮੀ ਦੇ ਮਹੀਨੇ ਹਨ ਅਤੇ ਮੰਦੀ ਦਾ ਅਵਸਰ ਹੁੰਦਾ ਹੈ, ਹੋਰ 6 ਮਹੀਨਿਆਂ ਲਈ ਗਰੁੱਪ ਮਿਲਕ ਫੈਡਰੇਸ਼ਨਾਂ ਦੇ ਦੁੱਧ ਦੀ ਪ੍ਰੋਸੈਸਿੰਗ ਕਰਦਾ ਹੈ। ਇਸ ਲਈ ਕੋਈ ਇਮਪੇਅਰਮੈਂਟ ਦੀ ਲੋੜ ਨਹੀਂ ਕਿਉਂਕਿ ਉਤਪਾਦਨ ਨੀਤੀ ਉਦਯੋਗ ਦੇ ਨਿਯਮਾਂ ਦੇ ਅਨੁਸਾਰ ਹੈ।
6. ਗਰੁੱਪ ਦੇ ਡਾਇਰੈਕਟਰਾਂ ਦੇ ਬੋਰਡ ਨੇ ਆਪਣੀਆਂ ਮੀਟਿੰਗ (ਮੀਟਿੰਗਾਂ) 04.07.2022 ਨੂੰ ਕੀਤੀਆਂ ਅਤੇ ਉਸ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਅਨੁਸਾਰ ਅਤੇ 28.09.2022 ਨੂੰ ਹੋਈ 49ਵੀਂ ਸਾਲਾਨਾ ਮੀਟਿੰਗ ਵਿੱਚ ਗਰੁੱਪ ਦੇ ਸ਼ੇਅਰ ਹੋਲਡਰਾਂ ਵੱਲੋਂ ਦਿੱਤੀ ਪ੍ਰਵਾਨਗੀ ਦੇ ਅਨੁਸਾਰ ਗਰੁੱਪ ਦੇ ਡਾਇਰੈਕਟਰਾਂ ਦੇ ਬੋਰਡ ਦੀ ਨੋਮੀਨੇਸ਼ਨ ਅਤੇ ਰੈਮੂਨਰੇਸ਼ਨ ਕਮੇਟੀ ਨੇ, 2,44,000 ਦੀਆਂ ਔਪਸ਼ਨਾਂ ਨੂੰ ਮਨਜ਼ੂਰੀ ਦਿੱਤੀ ਹੈ (ਫੇਅਰ ਵੈਲਿਊ 506 ਲੱਖ ਰੁਪਏ) ਵਜੋਂ ਸਟਾਕ ਇਨਸੈਨਟਿਵ ਪਲਾਨ 21.10.2022 ਤਿਆਰ ਕੀਤਾ ਹੈ ਜਿਹੜਾ ਕਿ ਗਰੁੱਪ ਦੇ ਯੋਗ ਕਰਮਚਾਰੀਆਂ ਨੂੰ (ਮਿਲਕਫੂਡ ਲਿਮਟਿਡ ਸਟਾਕ ਇਨਸੈਨਟਿਵ ਪਲਾਨ 2022) ਦੇ ਅਧੀਨ ਹੈ ਅਤੇ ਕੰਪਨੀਜ਼ ਐਕਟ ਦੇ ਅਨੁਸਾਰ ਹੈ। ਇਸ ਨੂੰ ਸਿਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸ਼ੇਅਰ ਦੇ ਆਧਾਰ ਤੇ ਕਰਮਚਾਰੀਆਂ ਦੇ ਲਾਭਾਂ ਅਤੇ ਸਵੈਟ ਇਕਵਿਟੀ ਰੈਗੂਲੇਸ਼ਨ) 2021 ਦੇ ਅਨੁਸਾਰ ਹੈ। ਵੈਸਟਿੰਗ ਦਾ ਸਮਾਂ 21.10.2023 ਤੱਕ ਹੈ, ਆਈ ਐਨ ਡੀ ਏ ਐਸ 102 'ਸ਼ੇਅਰ ਤੇ ਆਧਾਰਿਤ ਅਦਾਇਗੀਆਂ' 126.54 ਲੱਖ ਰੁਪਏ ਤਿਮਾਹੀ ਲਈ ਚਾਰਜ ਕਰਨ ਦਾ ਸਮਝੌਤਾ ਕੀਤਾ ਗਿਆ ਹੈ। ਇਸ ਦੇ ਸਾਹਮਣੇ ਗਰੁੱਪ ਨੇ 253.09 ਲੱਖ ਰੁਪਏ ਦੀ ਰਕਮ ਕਰਮਚਾਰੀ ਲਾਭਾਂ ਦੇ ਖਰਚਿਆਂ ਲਈ ਉਧਾਰ ਲਈ ਹੈ ਸਮੇਤ ਕੋਰਸਪੋਨਡਿੰਗ ਕਰੈਡਿਟ ESOP ਰਿਜ਼ਰਵ 31.12.2022 ਨੂੰ ਸਮਾਪਤ ਹੋਈ ਤਿਮਾਹੀ ਦੇ ਦੌਰਾਨ। ਇਸ ਲਈ ਉਸ ਹਦ ਤਕ ਦੇ ਮੁਨਾਫਿਆਂ ਨੂੰ ਲਾਭ ਅਤੇ ਹਾਨੀ ਦੇ ਖਾਤੇ ਵਿੱਚ ਘਟਾ ਕੇ ਦਿਖਾਇਆ ਗਿਆ ਹੈ। ਗਰੁੱਪ ਨੇ ਇਹ ਵੀ ਨਿਰਣਾ ਕੀਤਾ ਹੈ ਕਿ 31.03.2023 ਨੂੰ ਸਮਾਪਤ ਹੋਣ ਵਾਲੀ ਅਗਲੀ ਤਿਮਾਹੀ ਦਾ ਬੈਲੰਸ 253.08 ਲੱਖ ਰੁ. ਡੈਬਿਟ ਕੀਤਾ ਜਾਏ।
7. ਗੁਡਜ਼ ਐਂਡ ਸਰਵਿਸ ਟੈਕਸ ਵਿਭਾਗ ਨੇ ਆਮ ਤੌਰ ਤੇ ਡੀਲਰਾਂ ਨਾਲ ਲੈਣ ਦੇਣ ਦੀ ਪੁਸ਼ਟੀ ਕੀਤੀ ਹੈ ਵੀ ਆਈ ਐਸ ਇਨਪੁਟ ਟੈਕਸ ਕਰੈਡਿਟ। ਇਸ ਸਿਲਸਿਲੇ ਵਿੱਚ, ਉਹਨਾਂ ਨੇ ਜਾਂਚ ਕਰ ਲਈ ਹੈ ਜਿਹੜੇ ਕਿ ਆਈ ਟੀ ਸੀ ਦੇ ਚਾਰ ਡੀਲਰਾਂ ਨਾਲ ਸਬੰਧਤ ਹੈ। ਗਰੁੱਪ ਜਾਂਚ ਦੀ ਪ੍ਰਕ੍ਰਿਆ ਵਿੱਚ ਸਹਿਯੋਗ ਕਰ ਰਿਹਾ ਹੈ ਅਤੇ ਆਂਸ਼ਿਕ ਤੌਰ ਤੇ 16.27 ਕਰੋੜ ਰੁ. ਆਪਣੇ ਤੌਰ ਤੇ ਪ੍ਰੋਟੈਸਟ ਦੇ ਅਧੀਨ ਜਮਾ ਕਰਾਏ ਹਨ। ਪ੍ਰੋਟੈਸਟ ਅਧੀਨ ਵਿਭਾਗ ਨੂੰ ਜਮਾ ਕਰਾਈ ਗਈ ਰਕਮ ਨੂੰ ਵਸੂਲੀ ਯੋਗ ਜੀ ਐਸ ਟੀ ਵਜੋਂ ਦਿਖਾਇਆ ਗਿਆ ਹੈ ਗਰੁੱਪ ਦੇ ਫਾਈਨੈਂਸ਼ਲ ਵਿਚ। ਮੁਰਾਦਾਬਾਦ ਦੀ ਰੇਂਜ ਤੋਂ ਗਰੁੱਪ ਨੂੰ ਇੱਕ ਕਾਰਣ ਦੱਸੋ ਨੋਟਿਸ ਪ੍ਰਾਪਤ ਹੋਇਆ ਹੈ ਇਸ ਸਿਲਸਿਲੇ ਵਿੱਚ 25 ਕਰੋੜ ਰੁਪਏ ਅਤੇ ਇਸ ਬਾਰੇ ਆਪਣਾ ਜਵਾਬ ਦਾਖਿਲ ਕਰ ਦਿੱਤਾ ਹੈ ਅਤੇ ਨਿਜੀ ਸੁਣਵਾਈ ਦੇ ਹੁਕਮ ਸੁਣਾਏ ਜਾਣ ਦੀ ਆਸ ਹੈ। ਗਰੁੱਪ ਨੂੰ ਕਾਨੂੰਨੀ ਤੌਰ ਤੇ ਇਹ ਸਲਾਹ ਦਿੱਤੀ ਗਈ ਹੈ ਕਿ ਡੀਲਰਾਂ ਨੂੰ ਦਿੱਤੀ ਗਈ ਬੈਂਕਾਂ ਰਾਹੀਂ ਸਾਰੀ ਰਕਮ ਬਾਰੇ ਉਹ ਸਫਲ ਰਹਿਣਗੇ ਜਿਹੜੀ ਕਿ ਖਰੀਦਾਰੀਆਂ ਲਈ ਦਿੱਤੀ ਗਈ ਸੀ ਅਤੇ ਬੈਂਕ ਨੇ ਨਿਯਮਿਤ ਤੌਰ ਤੇ ਇਸ ਦੀ ਪੁਸ਼ਟੀ ਕੀਤੀ ਹੈ। ਗਰੁੱਪ ਵੱਲੋਂ ਜਵਾਬ ਦਿੱਤੇ ਜਾਣ ਬਾਅਦ ਡਿਮਾਂਡ ਬਾਰੇ ਕੋਈ ਨੋਟਿਸ ਨਹੀਂ ਮਿਲਿਆ ਹੈ।
8. ਡਾਇਰੈਕਟਰਾਂ ਦੇ ਬੋਰਡ ਨੇ (19.11.2022 ਨੂੰ ਹੋਈ ਮੀਟਿੰਗ ਵਿੱਚ) 2.50 ਰੁਪਏ ਪ੍ਰਤੀ ਇਕਵਿਟੀ ਸ਼ੇਅਰ ਅੰਤਰਿਮ ਡਿਵੀਡੈਂਡ ਦਾ ਐਲਾਨ ਕੀਤਾ ਸੀ। ਅਦਾਇਗੀ ਦੀ ਰਿਕਾਰਡ ਮਿਤੀ 30.11.2022 ਸੀ ਅਤੇ 104.08 ਲੱਖ ਰੁਪਏ (ਟੀ ਡੀ ਐਸ ਤੋਂ ਨੈਟ) ਦਾ ਭੁਗਤਾਨ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਡਿਕਲੇਅਰ ਕੀਤਾ ਗਿਆ ਅੰਤਰਿਮ ਡਿਵੀਡੈਂਡ ਪ੍ਰਤੀ ਇਕਵਿਟੀ ਸ਼ੇਅਰ ਰੁਪਏ NIL ਸੀ।

| ਵੇਰਵੇ | ਤਿਮਾਹੀ ਸਮਾਪਤ ਹੋਈ 31 ਦਸੰਬਰ, 2022 | ਤਿਮਾਹੀ ਸਮਾਪਤ ਹੋਈ 30 ਸਤੰਬਰ, 2022 | ਤਿਮਾਹੀ ਸਮਾਪਤ ਹੋਈ 31 ਦਸੰਬਰ, 2021 | 9 ਮਹੀਨੇ ਸਮਾਪਤ ਹੋਏ 31 ਦਸੰਬਰ, 2022 | 9 ਮਹੀਨੇ ਸਮਾਪਤ ਹੋਏ 31 ਦਸੰਬਰ, 2021 | 31 ਮਾਰਚ, 2022 ਨੂੰ ਸਮਾਪਤ ਹੋਇਆ ਸਾਲ |
|---|---|---|---|---|---|---|
| ਡਿਵੀਡੈਂਡ ਪ੍ਰਤੀ ਸ਼ੇਅਰ (10/-ਰੁ. ਪ੍ਰਤੀ ਦੀ ਪਾਰ ਵੈਲਿਊ) ਅੰਤਰਿਮ ਡਿਵੀਡੈਂਡ | 2.50 | - | - | 2.50 | - | - |

9. ਪਿਛਲੇ ਸਮੇਂ ਦੇ ਆਂਕੜਿਆਂ ਨੂੰ ਜਿੱਥੇ ਵੀ ਲੋੜ ਸਮਝੀ ਗਈ ਰੀਕਾਸਟ/ਰੀਗਰੁਪਡ/ਰੀਕਲਾਸੀਫਾਈਡ ਕੀਤੇ ਗਏ ਹਨ ਤਾਂ ਕਿ ਉਹਨਾਂ ਨੂੰ ਚਾਲੂ ਸਮੇਂ ਵਾਲਿਆਂ ਨਾਲ ਤੁਲਨਾਤਮਕ ਬਣਾਇਆ ਜਾ ਸਕੇ।

ਵਾਸਤੇ ਅਤੇ ਵੱਲੋਂ ਬੋਰਡ ਆਫ ਡਾਇਰੈਕਟਰਜ਼ ਮਿਲਕਫੂਡ ਲਿਮਟਿਡ
ਸਹੀ/-
(ਸੁਧੀਰ ਅਵਸਥੀ)
ਮੈਨੇਜਿੰਗ ਡਾਇਰੈਕਟਰ
ਡੀ ਆਈ ਐਨ :00152375

ਥਾਂ : ਨਵੀਂ ਦਿੱਲੀ
ਮਿਤੀ : 3 ਫਰਵਰੀ, 2023


ਐਡੀਟਰ, ਪ੍ਰਿੰਟਰ ਅਤੇ ਪਬਲਿਸ਼ਰ ਓਮ ਪ੍ਰਕਾਸ਼ ਖੇਮਕਰਨੀ ਨੇ ਦਸ਼ਮੇਸ਼ ਪ੍ਰਿੰਟਰਜ਼ ਰਣਜੀਤ ਨਗਰ ਅਤੇ ਨਵਾਂ ਜ਼ਮਾਨਾ ਪ੍ਰਿੰਟਰਜ਼ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਛਪਵਾ ਕੇ ਦਫਤਰ ਰੋਜ਼ਾਨਾ ਮਿਹਨਤ (ਪੰਜਾਬੀ) ਕਨਾਟ ਸਰਕਸ ਪੱਕਾ ਬਾਗ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮਾਲਕ ਕਮਲ ਕੁਮਾਰ ਸ਼ਰਮਾ। ਆਰ.ਐਨ.ਆਈ ਰਜਿਸਟਰੇਸ਼ਨ ਨੰਬਰ 61817/95